ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥
# ਸੂਰਾ
ਅੰਮ੍ਰਿਤਸਰ

ਕਾਨੜਾ ਮਹਲਾ ੫ (੧੨੯੯)

**ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥**

MAR 1990

## ਮਾਨਸ ਕੀ ਜਾਤ
## ਸਬੈ ਏਕੈ ਪਹਿਚਾਨਬੋ

"ਸੁਮੇਰ" ਚਿਤ੍ਰ

(ਪਾ: ੧੦)

www.AKJ.Org

# ਤਤਕਰਾ


| | | |
|---|---|---|
| ਹਰਿ ਰੰਗਿ ਚਲੂਲੈ ਜੋ ਰਤੇ | ੩ | ਸਲੋਕ ਮ: ੪ |
| ਸ਼ਬਦ-ਕਮਾਈ ਦਾ ਪ੍ਰਤਾਪ—ਨਾਮ-ਰੰਗ-ਰਤੇ ਖ਼ਾਲਸੇ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜਿਨ੍ਹਾਂ ਤੇਗ ਵਾਹੀ | ੭ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਮੇਰੀ ਪੂਜਾ ਦੀ ਘੜੀ | ੯ | ਪ੍ਰੋਫੈਸਰ ਪੂਰਨ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ-ਸਰੋਵਰ ਦੀ ਪਾਰਸ-ਕਲਾ | ੧੨ | ... ... ... |
| ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ (ਕਵਿਤਾ) | ੧੬ | ਪ੍ਰਿੰਸੀਪਲ ਸਰਣ ਸਿੰਘ ਜੀ |
| ਇਸ ਮਨ ਕਉ ਕੋਈ ਖੋਜਹੁ ਭਾਈ | ੧੭ | ਸੂਬੇਦਾਰ ਧਰਮ ਸਿੰਘ ਜੀ |
| ਸਿੰਘਾਂ ਦਾ ਹੱਲਾ ਤੇ ਲੋਕਾਂ ਦੀ ਹੋਲੀ | ੨੨ | ਪ੍ਰਿੰਸੀਪਲ ਸਾਹਬ ਸਿੰਘ ਜੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ—ਅੱਖੀਂ ਡਿੱਠੇ ਸਮਾਚਾਰ (੨) | ੨੬ | ਭਾਈ ਮੋਹਨ ਸਿੰਘ ਜੀ ਵੈਦ |
| ਸ੍ਰੀ ਜਪੁ ਜੀ ਦੇ ਔਖੇ ਸ਼ਬਦਾਂ ਦੇ ਅਰਥ | ੩੩ | ਗੁਰਬਾਣੀ ਖੋਜੀ ਦਫਤਰ |
| ਭੁਰਿਆਂ ਵਾਲੇ ਰਾਜੇ ਕੀਤੇ (੬) | ੩੬ | ਕੈਪਟਨ ਸਵਰਨ ਸਿੰਘ ਜੀ |
| ਸ਼ਹੀਦ ਭਾਈ ਭੁਖੂ ਸਿੰਘ ਜੀ (ਇਤਿਹਾਸਕ ਕਵਿਤਾ) | ੪੧ | ਸ: ਅਤਰ ਸਿੰਘ ਜੀ ਜੌਹਰ |


| | | | |
|---|---|---|---|
| ਗੁਰੂ ਹਰਿ ਰਾਇ ਸਾਹਿਬ ਗੁਰ-ਗੱਦੀ ਦਿਵਸ | ੨੫ ਮਾਰਚ | ਗੁਰੂ ਅਮਰਦਾਸ ਜੀ ਗੁਰ-ਗੱਦੀ ਦਿਵਸ | ੨੭ ਮਾਰਚ |
| ਗੁਰੂ ਅੰਗਦ ਸਾਹਿਬ ਜੋਤੀ ਜੋਤਿ ਸਮਾਏ | [illegible] ਮਾਰਚ | ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ | ੩੧ ਮਾਰਚ |

ਹੋਲਾ ਮਹੱਲਾ ੧੨ ਮਾਰਚ

ਸੋਧ ਲਵੋ—ਪੰਨਾ ੩ ਦੇ ਹੇਠ : ਲਾਲ ਗੂੜ੍ਹੇ ਰੰਗ ਵਿਚ। ਪੰਨਾ ੧੧, ਸਤਰ ੧੯ : ਸੁਹੱਪਣ ਫੁੱਟ ਰਹੀ ਹੈ।

ਨੋਟ—ਥਾਂ ਥੁੜ ਜਾਣ ਕਰਕੇ ਡਾ: ਹਰਦਿਆਲ ਸਿੰਘ ਜੀ ਤੇ ਮਿਤਰ ਜੀ ਦੀਆਂ ਕਵਿਤਾਵਾਂ ਛਪ ਨਹੀਂ ਸਕੀਆਂ।

---

## ਦੋ ਕੀਰਤਨੀ ਲਾਲਾਂ ਦੀ ਸਾਲਾਨਾ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਸ੍ਰੀ ਅਖੰਡਪਾਠ ਤੇ ਕੀਰਤਨ

ਵੀਰ ਸੂਰਤ ਸਿੰਘ ਪੂਰਨ ਜੀ ਤੇ ਬੀਬੀ ਭੁਪਿੰਦਰ ਕੌਰ ਦੇ ਨੌਨਿਹਾਲਾਂ ਵੀਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਦੀ ਯਾਦ ਵਿਚ ੫ ਅਖੰਡਪਾਠ—ਦੋ ਅਖੰਡਪਾਠ ਸਾਹਿਬ ੨੮ ਤੋਂ ੩੦ ਮਾਰਚ ਅਤੇ ੩੦ ਮਾਰਚ ਤੋਂ ੧ ਅਪ੍ਰੈਲ ਦੁਪਹਿਰ ਤਕ ਕੀਰਤਨ ੧੯੫-ਅਜੀਤ ਨਗਰ। ਦੋ ਸ੍ਰੀ ਅਖੰਡਪਾਠ ੩ ਤੋਂ ੫ ਅਤੇ ੬ ਤੋਂ ੮ ਅਪ੍ਰੈਲ ਐਤਵਾਰ ਦੁਪਹਿਰ ਤਕ ਕੀਰਤਨ ੩੭-ਬ੍ਰਹਮ ਬੂਟਾ ਵਿਖੇ। ਇਕ ਸ੍ਰੀ ਅਖੰਡਪਾਠ ੯ ਤੋਂ ੧੧ ਅਪ੍ਰੈਲ ਸਵੇਰ ੪ ਵਜੇ ਸਮਾਪਤੀ ਭਾਈ ਹਰਬੰਸ ਸਿੰਘ ਸਸਰਾਮ ਵਾਲਿਆਂ ਦੇ ਗ੍ਰਹਿ ਬੀ-੫, ਈਸਟ ਮੋਹਨ ਨਗਰ ਵਿਖੇ।—ਇਕ ਸ੍ਰੀ ਅਖੰਡਪਾਠ ੧ ਤੋਂ ੩ ਅਪ੍ਰੈਲ ਭਾਈ ਕੁਲਦੀਪ ਸਿੰਘ ਕਾਨਪੁਰ ਨਮਿਤ ੩-ਬ੍ਰਹਮ ਬੂਟਾ ਵਿਖੇ ਅੰਮ੍ਰਿਤ ਵੇਲੇ ਭੋਗ ਪਵੇਗਾ।

ਅੰਮ੍ਰਿਤਧਾਰੀ ਬੱਚਿਆਂ ਦੀ ਕੀਰਤਨ-ਪ੍ਰੀਖਿਆ ੧ ਅਪ੍ਰੈਲ ਸਿਖ ਰੈਫਰੈਂਸ ਲਾਇਬ੍ਰੇਰੀ ਹੇਠ ਹੋਵੇਗੀ।

---

## ਆਪਣੇ ਨੇੜੇ 'ਸੂਰਾ' ਪੱਤਰ ਦੇ ਚੰਦੇ ਹੇਠ ਲਿਖੇ ਸੇਵਕਾਂ ਪਾਸ ਜਮ੍ਹਾ ਕਰਾਓ

੧. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੭੨-ਫੇਜ਼-੨ ਐਸ.ਏ.ਐਸ. ਨਗਰ, ਮੋਹਾਲੀ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਦਿੱਲੀ—ਭਾਈ ਨਰਿੰਦਰ ਸਿੰਘ ਜੀ, ਏ-੩੫ ਫਤਹ ਨਗਰ
੪. ਫਰੀਦਾਬਾਦ (ਹਰਿਆਣਾ)—ਭਾਈ ਮੋਹਨ ਸਿੰਘ ਜੀ ਕੋਠੀ ਨੰਬਰ, ੧੧੨੯, ਸੈਕਟਰ ੧੫
੫. ਲੁਧਿਆਣਾ—ਭਾਈ ਅਜੀਤ ਸਿੰਘ ਜੀ, ਵਿਜੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੬. ਜ਼ਿਲਾ ਸੰਗਰੂਰ ਪਿੰਡ ਰੋਹੀੜਾ (ਕੁਪ) ਘਲੂਘਾਰਾ—ਭਾਈ ਦਰਸ਼ਨ ਸਿੰਘ ਜੀ ਦਰਸ
੭ ਕਾਨਪੁਰ—ਸ: ਹਰਚਰਨ ਸਿੰਘ ਜੀ ਟ੍ਰਾਂਸਪੋਰਟਰ ੧੨੨/੧੭੫—ਸਰੋਜਨੀ ਨਗਰ.
੮. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰਬਰ ੨, ਕਾਜ਼ੀ ਨਗਰੀ, ਫੀਰੋਜ਼ਪੁਰ ਸ਼ਹਿਰ

---


ਲੋਕਟ ਪ੍ਰਿੰਟਰਜ਼, ਬਜ਼ਾਰ ਬਾਬਾ ਕੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੩-੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

ਦੇਸ ੧੫ ੦੦

ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ਼ ਮੈਂਬਰ

ਦੇਸ ੧੫੦-੦੦

ਪਰਦੇਸ(ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਮਾਰਚ ੧੯੯੦ ਅੰਕ ੩


# ਹਰਿ ਰੰਗਿ ਚਲੂਲੈ ਜੋ ਰਤੇ

ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥
ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥
ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥
ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥
ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ ॥੧॥੧੯॥

[ਵਾਰ ਗਉੜੀ, ਸਲੋਕ ਮ: ੪ ਪੰਨਾ ੩੧੧

ਉਮਰਥਲ=ਅੰਦਰ ਦਾ ਫੋੜਾ, ਭਾਵ ਵਿਛੋੜੇ ਦਾ ਸਲ। ੨. ਬਿਰਹੁ=ਵਿਛੋੜੇ ਤੋਂ ਉਪਜਿਆ ਪ੍ਰੇਮ। ਗੁਲਮੁ ਤਿਨਾ ਕਾ ਗੋਲੀਆ=ਉਨ੍ਹਾਂ ਦੇ ਗ਼ੁਲਾਮਾਂ ਦਾ ਗ਼ੁਲਾਮ, ਦਾਸਾਂ ਦਾ ਦਾਸ। ਹਰਿ ਰੰਗਿ ਚਲੂਲੈ=ਹਰੀ ਪ੍ਰਭੂ ਦੇ ਲਾਲਮ ਗੂੜ੍ਹੇ ਰੰਗ ਵਿਚ।




www.AKJ.Org

# ਸ਼ਬਦ-ਕਮਾਈ ਦਾ ਪ੍ਰਤਾਪ : ਅਬਚਲੀ ਜੋਤਿ ਦਾ ਪ੍ਰਕਾਸ਼

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੈ ਨਿਮਖ ਅਰਾਧਿਆ ਗੁਰਮੁਖ ਪਾਰਿ ਉਤਾਰਾ ॥ ੧ ॥
ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥
ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥ ੨ ॥
ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥ ੩ ॥
ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥
ਸਾਧ ਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੁੋਪਾਲਾ ॥੪॥੧੦॥ ਸੋਰਠਿ ਮ: ੫, ਪੰਨਾ ੬੧੧

ਇਹ ਗੁਰਮਤਿ ਨਾਮ ਸ਼ਰਬ ਸੁਖਾਂ ਦਾ ਦਾਤਾ ਹੈ। ਇਸ ਨਾਮ ਦੀ ਕਮਾਈ ਕਰਿ ਮੁਕਤਿ, ਭੁਗਤਿ, ਜੁਗਤਿ, ਸਚ ਆਦਿਕ ਸਭ ਕੁਛ ਪਾਈਦਾ ਹੈ। ਪਰੰਤੂ ਪੂਰਨ ਪੁਰਖ ਬਿਧਾਤਾ ਆਪਣੇ ਦਾਸ ਜਨ (ਨਾਮ ਦੇ ਸੇਵਣਹਾਰੇ) ਨੂੰ ਸਭ ਤੋਂ ਵਡੀ ਦਾਤ ਭਗਤੀ-ਦਾਨ ਦਿੰਦਾ ਹੈ। ਤਾਂ ਤੇ ਐਸੇ ਕਰਨ ਕਾਰਨ ਸਮਰੱਥ ਦਾਤਾਰ ਸੁਆਮੀ ਨੂੰ, ਜਿਸ ਤੇ ਕੋਈ ਬਿਰਥਾ ਨਹੀਂ ਰਹਿ ਸਕਦਾ, ਸਰਬਦਾ ਕਾਲ ਸ੍ਰਵਣਾਂ ਕਰਕੇ ਸੁਣਦੇ ਰਹੀਏ, ਰਸਨਾ ਕਰਕੇ ਗਾਉਂਦੇ ਰਹੀਏ, ਹਿਰਦੇ ਕਰਕੇ ਧਿਆਉਂਦੇ ਰਹੀਏ ਅਤੇ ਅਖ਼ੀਰ ਵਿਚ ਸਾਨੂੰ ਇਸ ਗੁਰਵਾਕ ਦੁਆਰਾ ਇਹੋ ਮੁਖ ਪ੍ਰਾਰਥਨਾ ਕਰਨ ਦੀ ਦੀਖਿਆ ਮਿਲਦੀ ਹੈ ਕਿ ਹੇ ਸਭ ਦੀ ਬਿਰਥਾ ਜਾਨਣਹਾਰੇ ਕਰਨ ਕਾਰਨ ਸਮਰੱਥ ਅਕਾਲ ਪੁਰਖ ਸੁਆਮੀ ਦਾਤਾਰ ਜੀ, ਕ੍ਰਿਪਾਲੂ ਜੀ, ਅਸੀਂ ਵਡੇ ਭਾਗਾਂ ਕਰਕੇ ਇਹ ਰਤਨ ਜਨਮ ਪਾਇਆ ਹੈ। ਐਸੀ ਕ੍ਰਿਪਾ ਕਰੋ, ਹੇ ਗੋਪਾਲ ਦਇਆਲ ਜੀ, ਕਿ ਸਾਨੂੰ ਤੇਰੀ ਸਾਧ ਸੰਗਤਿ ਪ੍ਰਾਪਤ ਰਹੇ, ਜਿਥੇ ਅਸੀਂ ਤੇਰੇ ਗੁਣ ਗਾਉਂਦੇ ਰਹੀਏ ਅਤੇ ਸਦਾ ਤੇਰੇ ਨਾਮ ਦਾ ਸਿਮਰਨ ਕਰਦੇ ਰਹੀਏ। ਏਹੀ ਗੁਰੂ ਘਰ ਦੇ ਸਭ ਤੋਂ ਉਚੇ ਸੁਚੇ ਬਿਬੇਕ ਦੀ ਮੁਖ ਮਹਿਮਾ ਹੈ।

ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥
ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥ ਭੈਰਉ ਮ: ੩, ਪੰਨਾ ੧੧੩੧

ਭਾਵ, ਜਿਨ੍ਹਾਂ ਦੇ ਹਿਰਦੇ ਵਿਖੇ ਸ਼ਬਦ (ਨਾਮ) ਦੀ ਬੀਚਾਰ ਬਿਬੇਕ-ਮਈ ਕਮਾਈ ਦੁਆਰਾ ਸੱਚਾ ਅਕਾਲ ਪੁਰਖ ਵਸਿਆ ਹੈ, ਸੋਈ ਜਨ ਸੱਚਾ ਬਿਬੇਕੀ ਹੈ। ਐਸੇ ਸੱਚੇ ਬਿਬੇਕੀ ਦਿਨ ਰਾਤ ਸਚੀ ਭਗਤੀ ਕਰਦੇ ਹਨ ਅਤੇ ਇਸ ਭਗਤੀ ਦੇ ਕਰਨ ਕਰਿ ਸਰੀਰ ਕਾਇਆਂ ਨੂੰ ਕੋਈ ਦੁਖ ਰੋਗ ਨਹੀਂ ਬਿਆਪਦਾ–ਇਸ ਗੁਰਵਾਕ ਤੋਂ "ਸਰਬ ਰੋਗ ਕਾ ਅਉਖਦੁ ਨਾਮੁ" *ਵਾਲੇ ਮਹਿਮਾ ਮਈ ਅਤੁਲ ਦੀ ਸਚਿਆਈ ਸਿਧ ਹੁੰਦੀ ਹੈ।

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥ ਮਾਝ ਮ: ੩, ਪੰਨਾ ੧੧੩

ਜਿਨ੍ਹਾਂ ਵਿਰਲੇ ਗੁਰਮੁਖਾਂ ਨੇ ਗੁਰੂ ਦੀ ਅੰਮ੍ਰਿਤ ਬਾਣੀ ਦਾ ਅਮਿਉ ਮਿਠਾਸ (ਸੁਆਦ) ਚਖ ਕੇ ਡਿਠਾ ਹੈ ਤਿਨ੍ਹਾਂ ਦੇ ਅੰਤਰਿ ਅਬਚਲੀ ਜੋਤਿ ਨਿਰੰਜਨੀ ਦਾ ਪ੍ਰਕਾਸ਼ ਹੋਇਆ ਹੈ। ਉਹ ਨਾਮ ਮਹਾਂ ਰਸ ਵਿਚ ਸਦਾ ਹੀ ਖੀਵੇ ਅਲਮਸਤ ਮਤਵਾਰੇ ਰਹਿੰਦੇ ਹਨ ਅਤੇ ਉਹ ਸੱਚੇ (ਅਕਾਲ ਪੁਰਖ) ਦੇ ਦਰਵਾਜ਼ੇ ਵਿਖੇ ਪਹੁੰਚ ਕੇ ਭੀ ਸ਼ਬਦ ਅਭਿਆਸ ਦਾ ਅਖੰਡ ਵਾਜਾ ਵਜਾਵਣਹਾਰੇ ਹਨ। ਇਹ ਸਭ ਪਰਤਾਪ ਸਿਫਤਿ-ਸਾਲਾਹ ਰੂਪੀ ਉਚ ਬਿਬੇਕ

*ਸੁਖਮਨੀ ਮ: ੫, ੫॥੬॥ ਪੰਨਾ ੨੭੪



www.AKJ.Org

ਕਰਨੀ ਦਾ ਹੈ।

ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥
ਹਰਿ ਨਿਰਮਲੁ ਸਦਾ ਗੁਣ ਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥ ਮਾਝ ਮ: ੩, ਪੰਨਾ ੧੨੬

ਨਵੀਨ ਸਿਧਾਂਤ ਇਸ ਗੁਰ ਪ੍ਰਮਾਣ ਤੋਂ ਮਿਲਦਾ ਹੈ ਕਿ ਗੁਰੂ ਕੇ ਸ਼ਬਦ ਦੀ ਕਮਾਈ ਦੇ ਪ੍ਰਤਾਪ ਕਰਕੇ ਦੂਜਾ ਭਾਉ ਦੂਰ ਹੋ ਜਾਂਦਾ ਹੈ। ਐਸੀ ਪਾਰਸ ਕਲਾ ਹੈ ਇਸ ਨਾਮ ਰਸਾਇਣ ਦੀ।

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ ਬਿਨੁ ਤਕੜੀ ਤੋਲੈ ਸੰਸਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥ ਮਾਝ ਮ: ੩, ਪੰਨਾ ੧੧੦

ਭਾਵ, ਅਸਾਡਾ ਅਕਾਲ ਪੁਰਖ ਐਸਾ ਨਿਰਮਲ ਅਗਮ ਅਪਾਰ ਹੈ ਕਿ ਉਹਨਾਂ ਦਾ ਲੇਖਾ ਨਹੀਂ ਗਣਦਾ ਅਤੇ ਉਨ੍ਹਾਂ ਦੇ ਕਰਮ ਨਹੀਂ ਵਿਚਾਰਦਾ ਜੋ ਉਸ ਦੇ ਗੁਣ ਕਥਨ ਕਰਨ ਰੂਪੀ ਭਗਤੀ ਕਮਾਂਵਦੇ ਹਨ। ਅਤੇ ਏਹਨਾਂ ਅਪਾਰ ਅਗੰਮੀ ਗੁਣਾਂ ਦੀ ਕਥਨ ਕਮਾਈ ਦਾ ਇਹ ਨਿਰਾਲਾ ਫਲ ਹੁੰਦਾ ਹੈ ਕਿ ਉਕਤ ਗੁਣ ਪਿਆਰੇ ਦੇ ਗੁਣ ਕਥਨਹਾਰੇ (ਕਮਾਵਣਹਾਰੇ) ਗੁਣੀ ਅਕਾਲ ਪੁਰਖ ਵਿਚ ਸਮਾ ਲੈਂਦੇ ਹਨ।

ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ਰਹਾਉ॥ ਸਿਰੀ ਰਾਗ ਮ: ੩, ਪੰਨਾ ੩੧

ਏਥੇ ਸਦੀਵਕਾਲ ਭਜਨ ਕਰਦੇ ਰਹਿਣ ਦਾ ਹੁਕਮ ਦੇਂਦੇ ਹਨ। ਜੋ ਇਸ ਹੁਕਮ ਨੂੰ ਕਮਾਉਂਦੇ ਹਨ, ਅਰਥਾਤ, ਸਦਾ ਭਜਨ ਕਰਦੇ ਰਹਿੰਦੇ ਹਨ ਤਾਂ ਇਸ ਭਜਨ ਪਰਤਾਪ ਨਾਲ ਗੁਰ ਕਾ ਸ਼ਬਦ (ਨਾਮ-ਗੁਰਮੰਤ੍ਰ) ਤਿਨ੍ਹਾਂ ਦੇ ਰੋਮ ਰੋਮ ਅੰਤਰਿ ਵਸ ਜਾਂਦਾ ਹੈ। ਅਤੇ ਉਸ ਨਾਮ ਗੁਰਮੰਤ੍ਰ ਦੇ ਅੰਤਰਿ ਵਸਣ ਕਰਕੇ ਤਿਨ੍ਹਾਂ ਨੂੰ ਨਾਮੀ ਅਕਾਲ ਪੁਰਖ ਪਰਮਾਤਮਾ ਕਦੇ ਨਹੀਂ ਵਿਸਰਦਾ।

ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥ ੧ ॥ ਰਹਾਉ ॥
ਗਉੜੀ ਗੁਆਰੇਰੀ ਮ: ੧, ਪੰਨਾ ੨੨੨

ਭਾਵ, ਤ੍ਰੈਗੁਣ ਅਤੀਤ ਅਕਾਲ ਪੁਰਖ ਉਸ ਦੇ ਨਿਰਗੁਣ ਗੁਣ ਗਾਵਣ ਕਮਾਵਣ ਕਰਕੇ ਹੀ ਵਸ ਹੁੰਦਾ ਹੈ। ਗੁਰਬਾਣੀ ਅੰਦਰ ਵਖਾਣੇ ਜਿਤਨੇ ਭੀ ਗੁਣ ਉਸ ਗੁਣੀ ਅਕਾਲ ਪੁਰਖ ਦੇ ਹਨ, ਸਭ ਤ੍ਰੈਗੁਣ ਅਤੀਤ ਗੁਣ ਹਨ। ਇਹ ਗੁਣ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੇ ਹਨ।

ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲੰਘਾਈ ॥੧॥
ਗਉੜੀ ਕੀ ਵਾਰ ਮ: ੪, ਪੰਨਾ ੩੦੧

ਭਾਵ ਸ਼ਪਸ਼ਟ ਹੈ।

ਜਿਨ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥੫੦॥
ਆਸਾ ਮ: ੩, ਪੰਨਾ ੩੬੪

ਭਾਵ, ਜਿਨ੍ਹਾਂ ਵਡਭਾਗੀਆਂ ਨੂੰ ਗੁਰੂ ਦਾ ਮੇਲ ਹੋ ਜਾਂਦਾ ਹੈ ਤਿਨ੍ਹਾਂ ਨੂੰ ਗੁਰਦੁਆਰਿਓਂ ਗੁਰ-ਸ਼ਬਦ ਰੂਪੀ ਸੱਚੀ ਬਾਣੀ (ਸਤਿਨਾਮ) ਵਾਲਾ ਗੁਰਮੰਤ੍ਰ ਮਿਲ ਜਾਂਦਾ ਹੈ। ਜਿਥੇ ਉਸ ਸ਼ਬਦ ਮੰਤ੍ਰ ਦਾ ਵਾਸ ਹੁੰਦਾ ਹੈ ਤਿਥੇ ਦੁਖ ਦਾ ਨਾਸ ਹੋ ਜਾਂਦਾ ਹੈ। ਫੇਰ ਤਿਸ ਸੱਚੇ ਗਿਆਨ-ਰਤਨ-ਨਾਮ ਦੁਆਰਾ ਸਹਿਜ ਬਿਵਸਥਾ ਵਿਖੇ ਸਮਾ ਜਾਈਦਾ ਹੈ।

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥
ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟ ਹੋਇ ॥ ੧ ॥



www.AKJ.Org

ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥
ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥ ੧ ॥ ਰਹਾਉ ॥
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥ ੨ ॥
ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥
ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥ ੩ ॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥ ੪ ॥
ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ ॥
ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥ ੫ ॥
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥ ੬ ॥
ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥ ੭ ॥
ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਏ ॥੮॥੯॥੩੧॥ ਆਸਾ ਮ: ੩, ਪੰਨਾ ੪੨੬-੨੭

ਭਾਵ–ਜਿਹੜੇ ਬਿਬੇਕੀ ਜਨ ਸੱਚੇ (ਨਾਮ) ਰੰਗ ਵਿਚ ਰਤੇ ਹੋਏ ਹਨ ਸੋਈ ਜਨ ਨਿਰਮਲ (ਨਖਾਲਸ) ਖਾਲਸੇ ਹਨ ਅਤੇ ਤਿਨ੍ਹਾਂ ਦੀ ਸੋਭਾ ਸਦਾ ਸੱਚੀ ਹੈ। ਇਸ ਲੋਕ ਵਿਖੇ ਉਹਨਾਂ ਦਾ ਘਰੋ ਘਰੀ (ਹਰ ਘਰ ਅੰਦਰ) ਜਸ ਹੁੰਦਾ ਹੈ ਅਤੇ ਪਰਲੋਕ ਵਿਚ ਵੀ ਉਹਨਾਂ ਦੀ ਸੋਭਾ ਜੁਗੋ ਜੁਗ ਪ੍ਰਕਾਸ਼ਤ (ਪ੍ਰਕਾਸ਼ਮਾਨ) ਰਹਿੰਦੀ ਹੈ। ਹੇ *ਗੂੜ੍ਹੇ ਰੰਗ ਦੇ ਅਸਲੇ ਵਾਲੇ ਮਨਾ ! ਤੂੰ ਸੱਚਾ (ਅਸਲੀ) ਰੰਗ ਚਲੂਲਾ ਚੜਾਇ ਲੈ। (ਕਿਵੇਂ)–ਜੇ ਇਹ ਮਨ ਗੂੜ੍ਹੇ ਅਤੇ ਸੱਚੇ ਜਿਗਰੀ ਰੰਗਾਂ ਵਿਚ ਰੰਗਣ ਵਾਲੀ ਗੁਰਬਾਣੀ ਨਾਲ ਰੰਗਿਆ ਜਾਵੇ ਤਾਂ ਨਾ ਇਹ ਰੰਗ ਕਦੇ ਲਹੇਗਾ ਨਾ ਲਾਮ (ਲਾਂਭੇ) ਹੋਵੇਗਾ। ਨਾਮ ਪ੍ਰਮਾਰਥੀ ਜੀਵਤ ਭਾਵ ਤੋਂ ਰਹਿਤ, ਦੂਜੇ ਭਾਇ ਦੇ ਵਿਕਾਰਾਂ ਕਰਕੇ ਅਤਿ ਦਰਜੇ ਦੇ ਅਹੰਕਾਰੀ ਅਤੇ ਨੀਚ ਮੈਲੇ ਸੰਸਾਰੀ ਜੀਵ, ਗੁਰੂ ਰੂਪੀ ਪਾਰਸ ਨਾਲ ਮਿਲਣ (ਪਰਸੇ ਜਾਣ) ਕਰਕੇ ਬਾਰ੍ਹਾਂ-ਵੰਨੀ ਕੰਚਨ (ਸੋਨੇ) ਦੇ ਸਦਰਸ ਸੁਧ ਅਤੇ ਅਪਾਰ ਨਿਰਮਲ ਜੋਤਿ ਵਾਲੇ ਹੋ ਗਏ। ਗੁਰੂ ਦੀ ਪਾਰਸ ਕਲਾ ਬਿਨਾਂ ਐਸੇ ਚਲੂਲੇ ਮਜੀਠੀ ਰੰਗਾਂ ਵਿਚ ਕੋਈ ਨਹੀਂ ਰੰਗਿਆ ਜਾ ਸਕਦਾ ਅਤੇ ਗੁਰੂ ਦੇ ਮਿਲਣ ਕਰਕੇ ਹੀ ਐਸੇ ਚਲੂਲੇ ਰੰਗਾਂ ਦਾ ਚੜ੍ਹਾਉ ਚੜ੍ਹ ਸਕਦਾ ਹੈ। ਜਿਨ੍ਹਾਂ ਨੂੰ ਗੁਰੂ ਦੀ ਭੈ-ਭਾਵਨੀ ਦਾ ਪਾਹ ਰੂਪੀ ਰੰਗ ਚੜ੍ਹ ਗਿਆ ਹੈ ਉਹਨਾਂ ਦਾ ਹੀ ਸਿਫਤਿ-ਸਲਾਹ ਵਿਚ ਸੱਚ ਕਰਕੇ (ਸਚਮੁਚ, ਅਸਲੀ) ਸਮਾਵਣਾ ਹੋਇਆ ਹੈ।

['ਗੁਰਮਤਿ ਬਿਬੇਕ' ਪੁਸਤਕ ਵਿਚੋਂ

ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥
ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥
ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥੨॥
ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥
ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥
–ਗਉੜੀ ਮਹਲਾ ੫, ਪੰਨਾ ੧੯੪

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥੫॥ [ਆਸਾ ਮ: ੩ ਛੰਤ—੪੪੧



www.AKJ.Org

# (ਜਿਨ੍ਹਾਂ) ਤੇਗ਼ ਵਾਹੀ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

'ਤੇਗ' ਸਰਬਲੋਹ ਦਾ ਸ਼ਸਤ੍ਰ ਵੀ ਹੈ, ਤੇ ਅਕਾਲੀ ਜਲਾਲ ਦਾ ਸੰਕੇਤ ਵੀ। ਇਹ ਸੱਚ ਤੇ ਅਸੱਚ; ਨੇਕੀ ਤੇ ਬਦੀ ਵਿਚਾਲੇ ਦੇ ਵਿਰੋਧ ਦਾ ਵੀ ਸੰਕੇਤ ਦੇਂਦੀ ਹੈ। ਏਹੋ ਸੱਚ ਨੂੰ ਅਸੱਚ ਨਾਲ ਜੂਝਣ ਲਈ ਆਮਾਦਾ ਕਰਦੀ ਤੇ ਰਣ-ਤੱਤੇ ਵਿਚ ਸੱਚ ਦਾ ਪੱਖ ਪੂਰਦੀ ਹੈ।

ਸਾਰੇ ਪ੍ਰਪੰਚ ਵਿਚ ਵਾਹਿਗੁਰੂ ਕਿਤੇ ਵੀ, ਕਦੇ ਵੀ ਕਿਰਿਆ ਰਹਿਤ ਨਹੀਂ ਹੋਂਦਾ। ਹਰ ਥਾਂ, ਹਰ ਸਮੇਂ ਉਹ 'ਸੰਤ ਉਬਾਰਨ, ਦੁਸ਼ਟ ਉਪਾਰਨ ਦੇ ਆਹਰ ਵਿਚ ਲੱਗਾ ਦਿਸਦਾ ਹੈ। ਉਸ ਦੀ ਤੇਗ਼ ਹਰਥੇ ਲਿਸ਼ਕਦੀ ਪ੍ਰਤੀਤ ਹੁੰਦੀ ਹੈ। ਉਸ ਦੀ ਤੇਗ਼ ਤੋਂ ਭਾਵ ਉਸ ਦਾ ਬਿਰਦ ਹੈ, ਜੋ ਆਪ ਅਕੱਟ ਵੀ ਹੈ, ਤੇ ਤੇਗ਼ ਵਾਂਗ ਵਰਤਦਾ ਵੀ ਹੈ। ਜੋ ਕੁਝ ਉਸ ਦੇ ਬਿਰਦ, ਉਸ ਦੇ ਸੁਭਾ ਵਿਚ ਨਹੀਂ, ਉਸ ਦੀ ਤੇਗ਼ ਵਿਚ ਵੀ ਨਹੀਂ। ਜੇਕਰ ਉਹ ਆਪ ਕਿਰਪਾ-ਵਾਨ ਹੈ ਤਾਂ ਉਸ ਦੀ ਤੇਗ਼ ਵੀ ਕਿਰਪਾਨ ਹੈ, ਜੋ ਪੂਰਨ ਧਰਮ ਨਿਆਂ ਵਾਲੀ ਸ਼ਕਤੀ ਹੈ, ਜੋ ਸੰਤਾਂ ਨੂੰ ਸਤਿਕਾਰਦੀ, ਦੁਸ਼ਟਾਂ ਨੂੰ ਸੰਘਾਰਦੀ, ਹਉਮੈ ਦਾ ਵਿਨਾਸ਼ ਕਰਦੀ ਤੇ ਵਾਹਿਗੁਰੂ ਜੀ ਕੀ ਫ਼ਤਹ ਦੇ ਧੁਜ ਲਹਿਰਾਉਂਦੀ ਜਾਂਦੀ ਹੈ।

ਇਹ ਅਕਾਲੀ ਤੇਗ਼ ਹੀ ਮਨੁੱਖੀ ਆਤਮਾ ਦੇ ਸਰਬ-ਲੋਹ ਨੂੰ ਸਾਨ ਤੇ ਚਾੜ੍ਹ ਉਸ ਨੂੰ ਤੇਗ਼ ਦਾ ਧਨੀ ਬਣਾਉਂਦੀ ਹੈ, 'ਤਿਆਗ ਮਲ' ਨੂੰ 'ਤੇਗ਼ ਬਹਾਦਰ' ਵਿਚ ਤਹਿਵੀਲ ਕਰ ਜਾਂਦੀ ਹੈ[1], ਭਗਤੀ ਵਿਚੋਂ ਸ਼ਕਤੀ ਪੈਦਾ ਕਰਦੀ ਹੈ। ਭਗਤੀ-ਸ਼ਕਤੀ ਦੇ ਸੁਮੇਲ ਵਾਲੀ ਤੇਗ਼ ਸਤਿਗੁਰਾਂ ਆਪ ਵੀ ਧਾਰਨ ਕੀਤੀ, ਆਪਣੇ ਸਿੱਖਾਂ ਨੂੰ ਵੀ ਧਾਰਨ ਕਰਵਾਈ। "ਜਿਹੜੀ ਕਿਰਪਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦਿੱਤੀ, ਉਸ ਦਾ ਫ਼ੌਲਾਦ ਗੁਰੂ ਨਾਨਕ ਦੇਵ ਜੀ ਨੇ ਹੀ ਤਿਆਰ ਕੀਤਾ ਸੀ।"[2] ਪਹਿਲਾਂ ਆਤਮਾ ਵਿਚ ਫ਼ੌਲਾਦ ਪੈਦਾ ਕੀਤਾ ਗਿਆ, ਪਿੱਛੋਂ ਗਾਤਰੇ ਵਿਚ ਤਲਵਾਰ ਪਹਿਨਾਈ ਗਈ।

ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਪਿਰਾਗੂ ਤੇ ਜੈਤਾ ਦੋ ਸਿੱਖਾਂ ਅਰਜ਼ ਗੁਜ਼ਾਰੀ, "ਸੱਚੇ ਪਾਤਸ਼ਾਹ, ਕਦੇ ਨੂਰਦੀਨ, ਕਦੇ ਬੀਰਬਲ ਤੇ ਕਦੇ ਸੁਲਹੀ ਚੜ੍ਹ ਕੇ ਆ ਜਾਂਦੇ ਹਨ। ਆਗਿਆ ਬਖ਼ਸ਼ੋ, ਸ਼ਸਤ੍ਰ ਧਾਰਨ ਕਰੀਏ!" ਤਦ ਗੁਰੂ ਜੀ ਨੇ ਕਿਹਾ, "ਉਤਾਵਲੇ ਨ ਹੋਵੋ, ਅਸਾਂ ਜੋ ਸ਼ਸਤ੍ਰ ਪਕੜਨੇ ਹੈਨ ਉਹ ਹਰਿਗੋਬਿੰਦ ਦੇ ਰੂਪ ਵਿਚ ਪਕੜਨੇ ਹੈਨ। ਅਸਾਂ ਆਪਣੇ ਸ਼ਸਤ੍ਰਾਂ ਨਾਲ ਮੀਰਾਂ ਦੀ ਮੀਰੀ ਖਿਚ ਲੈਣੀ ਹੈ ਤੇ ਪੀਰਾਂ ਦੀ ਪੀਰੀ।"[3] ਗੁਰੂ ਅਰਜਨ ਦੇਵ ਜੀ ਜਦੋਂ ਲਾਹੌਰ ਵਲ ਅੰਤਮ ਪਯਾਨ ਕਰਨ ਲਗੇ ਤਾਂ ਉਹਨਾਂ ਸ੍ਰੀ ਹਰਿਗੋਬਿੰਦ ਸਾਹਿਬ ਦੀ ਬਾਂਹ ਪਕੜ ਕੇ ਆਦੇਸ਼ ਕੀਤਾ, "ਹੁਣ ਕਰੜੇ ਸਮੇਂ ਆ ਰਹੇ ਹਨ। ਤੁਸਾਂ ਸ਼ਸਤ੍ਰਧਾਰੀ ਹੋ ਕੇ ਓਦੋਂ ਤਕ ਲੜੀ ਜਾਣਾ ਜਦ ਤਕ ਜ਼ੁਲਮ ਦਾ ਰਾਜ ਨਹੀਂ ਮੁੱਕ ਜਾਂਦਾ।" ਫਿਰ ਸਿੱਖਾਂ ਦੀ ਆਤਮਾ ਵਿਚ ਫ਼ੌਲਾਦ ਜਗਾਣ ਹਿਤ ਆਪ ਸ਼ਹੀਦੀ ਪ੍ਰਾਪਤ ਕਰ ਗਏ। ਇਉਂ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਰੂਹ ਦਾ ਫ਼ੌਲਾਦ ਗਾਤਰੇ ਦੀ ਤੇਗ਼ ਬਣ ਕੇ ਪਰਗਟ ਹੋਇਆ।

ਮਰਹੱਟਿਆਂ ਦੇ ਗੁਰੂ ਸਾਮਰਥ ਰਾਮ ਦਾਸ (੧੬੦੨-੧੬੮੧) ਨਾਲ ਗੁਰੂ ਹਰਿਗੋਬਿੰਦ ਸਾਹਿਬ ਦੀ

---

੧. ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦਾ ਪਹਿਲਾ ਨਾਮ ਸ੍ਰੀ ਤਿਆਗ ਮਲ ਜੀ ਸੀ, ਜੋ ਉਹਨਾਂ ਦੇ ਭਜਨੀਕ ਤੇ ਤਿਆਗੀ ਸੁਭਾ ਦੇ ਅਨੁਕੂਲ ਵੀ ਸੀ। ਮੁਗਲਾਂ ਨਾਲ ਜੁੱਧ ਦੇ ਦੌਰਾਨ ਆਪ ਨੇ ਤਲਵਾਰ ਦੇ ਐਸੇ ਹੈਰਾਨਕੁਨ ਜੌਹਰ ਦਿਖਾਏ ਕਿ ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਤੇਗ਼ ਬਹਾਦਰ ਦਾ ਖ਼ਿਤਾਬ ਦਿਤਾ। ਇਸ ਤੋਂ ਬਾਦ ਇਹ ਖ਼ਿਤਾਬ ਨਾਮ ਵਾਂਗ ਸਭਨਾਂ ਦੇ ਮੂੰਹ ਤੇ ਚੜ੍ਹ ਗਿਆ ਤੇ ਆਪ ਸ੍ਰੀ ਤੇਗ਼ ਬਹਾਦਰ ਕਰਕੇ ਹੀ ਜਾਣੇ ਜਾਣ ਲਗੇ।

੨. ਗੋਕਲ ਚੰਦ ਨਾਰੰਗ : ਦੀ ਟ੍ਰਾਂਸਫ਼ਰਮੇਸ਼ਨ ਆਫ਼ ਸ਼ਿਖਿਜ਼ਮ।

੩. ਭਾਈ ਮਨੀ ਸਿੰਘ : ਸਿੱਖਾਂ ਦੀ ਭਗਤ ਮਾਲ।



www.AKJ.Org

ਮੁਲਾਕਾਤ ਸ੍ਰੀ ਨਗਰ ਗੜ੍ਹਵਾਲ ਵਿਚ ਹੋਈ।[੪] ਸਤਿਗੁਰਾਂ ਦਾ ਸ਼ਾਹੀ ਜਲਾਲ ਵੇਖ ਕੇ ਉਹ ਕਹਿਣ ਲੱਗਾ, "ਮੈਨੇ ਤੋ ਸੁਨਾ ਥਾ ਗੁਰੂ ਨਾਨਕ ਏਕ ਤਿਆਗੀ ਸਾਧੂ ਥੇ। ਆਪ ਗ੍ਰਹਸਤੀ ਹੈਂ। ਆਪ ਸ਼ਸਤ੍ਰ-ਧਾਰੀ ਭੀ ਹੈਂ। ਆਪ ਕੈਸੇ ਫ਼ਕੀਰ ਹੈਂ? ਗੁਰੂ ਹਰਿਗੋਬਿੰਦ ਸਾਹਿਬ ਨੇ ਉੱਤਰ ਦਿੱਤਾ, "ਗੁਰੂ ਨਾਨਕ ਨੇ ਮਾਇਆ ਤਿਆਗੀ ਥੀ, ਦੁਨੀਆ ਨਹੀਂ ਤਿਆਗੀ। ਜ਼ਾਹਰ ਅਮੀਰੀ, ਬਾਤਨ ਫ਼ਕੀਰੀ। ਸ਼ਸਤ੍ਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ।" ਤਦ ਸਾਮਰਥ ਰਾਮ ਦਾਸ ਨੇ ਕਿਹਾ, "ਯਿਹ ਬਾਤ ਹਮਾਰੇ ਮਨ ਭਾਵਤੀ ਹੈ।"

ਗੁਰੂ ਗੋਬਿੰਦ ਸਿੰਘ ਜੀ ਨੂੰ ਜਦੋਂ ਬਹਾਦਰ ਸ਼ਾਹ ਨੇ ਖਿਲਅਤ ਪੇਸ਼ ਕੀਤੀ ਤਾਂ ਫ਼ਰਮਾਇਸ਼ ਕੀਤੀ, 'ਕੋਈ ਕਰਾਮਾਤ ਦਿਖਾਓ!" ਮਹਾਰਾਜ ਨੇ ਗਾਤਰੇ ਵਿਚੋਂ ਕ੍ਰਿਪਾਨ ਧੂਹ ਕੇ ਆਖਿਆ, 'ਇਹੀ ਅਸਲ ਕਰਾਮਾਤ ਹੈ। ਇਸੇ ਦੀ ਸਹਾਇਤਾ ਨਾਲ ਮੈਂ ਤੈਨੂੰ ਰਾਜ ਲੈ ਕੇ ਦਿੱਤਾ। ਚਾਹਾਂ ਤਾਂ ਇਸੇ ਨਾਲ ਤੇਰਾ ਸਿਰ ਲਾਹ ਕੇ ਤੇਰੇ ਤਖ਼ਤ ਤੇ ਬੈਠ ਸਕਦਾ ਹਾਂ। ਪਰ ਮੇਰੀ ਕਿਰਪਾਨ ਤੇ ਤੇਰੀ ਤਲਵਾਰ ਵਿਚ ਅੰਤਰ ਹੈ। ਤੇਰੀ ਤਲਵਾਰ ਦੇ ਪਿੱਛੇ ਕ੍ਰੋਧ ਵਰਤਦਾ ਹੈ ਮੇਰੀ ਪਿੱਛੇ ਕਰੁਣਾ। ਤੇਰੀ ਨਾਲ ਮੌਤ ਹੀ ਮਿਲਦੀ ਹੈ, ਮੇਰੀ ਜੀਵਨ-ਦਾਨ ਵੀ ਦੇ ਸਕਦੀ ਹੈ।[੫] ਤੇਰੀ ਇੱਜ਼ਤ ਲੁਟਦੀ ਹੈ, ਮੇਰੀ ਇੱਜ਼ਤਾਂ ਰਖਦੀ ਹੈ।"

ਐਸੀ ਤੇਗ਼ ਹੀ ਪਰਮਾਤਮਾ ਦੀ ਦੈਵੀ ਸ਼ਕਤੀ ਦੀ ਸੂਚਕ ਹੈ। ਕਿਰਪਾਨ ਕਿਉਂਕਿ ਸ਼ਕਤੀ ਦਾ ਸ਼ਸਤ੍ਰ ਹੈ, ਇਸ ਲਈ ਸੁਭਾਵਕ ਹੀ ਇਹ ਮੀਰੀ ਦਾ ਚਿੰਨ੍ਹ ਹੈ। ਪਰ ਸਿੱਖੀ ਵਿਚ ਇਹ ਪੀਰੀ ਦਾ ਵੀ ਚਿੰਨ੍ਹ ਹੈ। ਅਸਲ ਵਿਚ, ਸਤਿਗੁਰਾਂ ਨੇ ਅਕਾਲ ਪੁਰਖ ਨੂੰ ਵੀ ਖੜਗਧਾਰੀ ਹੀ ਮੰਨਿਆ ਹੈ:

ਸ੍ਰੀ ਅਸਿਕੇਤੁ ਜਗਤ ਕੇ ਈਸਾ ॥[੬] —ਚਰਿਤ੍ਰ ੪੦੫, ੩੭੫-੨

ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਖੰਡਾ, ਖੜਗ ਆਦਿ ਅਕਾਲ ਪੁਰਖ ਦੀ ਸਿਰਜਨਾਤਮਕ ਸੱਤਾ ਦੇ ਪ੍ਰਤੀਕ ਹਨ:

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ। —ਚੰਡੀ ਵਾਰ ੨:੧

ਇਉਂ ਜਾਪਦਾ ਹੈ, ਸਤਿਗੁਰਾਂ ਨੂੰ ਨਿਰਗੁਣ ਨਿਰੰਕਾਰ, ਜਦ ਕਰਤਾ ਪੁਰਖ ਦੇ ਸਰਗੁਣ ਸਰੂਪ ਵਿਚ ਦਿਸਦਾ ਹੈ, ਤਾਂ ਉਹ ਉਹਨਾਂ ਨੂੰ ਖੜਗਧਾਰੀ ਹੋ ਕੇ ਦਿਸਦਾ ਹੈ:

ਨਿਰੰਕਾਰ ਨ੍ਰਿਤਯੰ ਨਿਰੂਪੰ ਨਿਰਬਾਣੰ। ਕਲੰ ਕਾਰਣੇਯੰ ਨਮੋ ਖੜਗ ਪਾਣੰ। —ਬਚਿਤ੍ਰ ਨਾਟਕ ੧, ੩:੩

ਉਹ 'ਸ਼ਸਤ੍ਰ ਪਾਣੇ' ਵੀ ਹੈ, 'ਅਸਤ੍ਰ ਮਾਣੇ' ਵੀ। ਇਉਂ ਖੜਗ ਅਥਵਾ ਤੇਗ਼ ਪੀਰੀ ਦਾ ਚਿੰਨ੍ਹ ਵੀ ਹੋ ਗਿਆ ਹੈ।

ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਦਾ, ਐਪਰ, ਵੱਖੋ ਵਖਰਾ ਮਹੱਤਵ ਹੈ। ਹਰਿਗੋਬਿੰਦਪੁਰ ਦੀ ਲੜਾਈ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਕਿਰਪਾਨ ਟੁੱਟ ਗਈ। ਬਾਬਾ ਬੁਢਾ ਜੀ ਨੇ ਸੁਝਾਓ ਦਿੱਤਾ, "ਮਹਾਰਾਜ, ਦੂਸਰੀ (ਪੀਰੀ ਦੀ) ਕੱਢ ਲਓ।" ਸਤਿਗੁਰਾਂ ਅੱਗੋਂ ਸਿਰ ਹਿਲਾ ਦਿੱਤਾ। ਮੀਰੀ ਦੀ ਕਿਰਪਾਨ ਤਾਂ ਦੁਸ਼ਟਾਂ ਦਾ ਸੰਘਾਰ ਕਰਦੀ ਹੈ, ਪਰ, ਪੀਰੀ ਦੀ ਓਦੋਂ ਵੀ ਗਾਤਰੇ ਵਿਚ ਰਹਿੰਦੀ ਹੈ। ਮੀਰੀ ਦੀ ਖੜਗ ਵੀ ਉੱਧਾਰ ਹਿੱਤ ਨਿਕਲਦੀ ਹੈ, ਸੰਘਾਰ ਵੀ ਉੱਧਾਰ ਹਿੱਤ ਕਰਦੀ ਹੈ। ਪੀਰੀ ਦੀ ਖੜਗ ਨੈਤਿਕ ਨਿਯੰਤ੍ਰਣ ਦੀ ਖੜਗ ਹੈ। ਉਹ ਅੰਦਰ ਦੇ ਦੁਸ਼ਮਣ 'ਅਹੰਕਾਰ' ਦੇ ਸੰਘਾਰ ਦੀ ਸੰਕੇਤਕ ਹੈ।[੭] ਖ਼ਾਲਸੇ ਦੀ ਤੇਗ਼ ਦਾ ਮੀਰੀ-ਪੀਰੀ ਦਾ ਦੂਹਰਾ ਬਿਰਦ ਹੈ। ਜਿਨ੍ਹਾਂ ਇਸ ਬਿਰਦ ਦੀ ਪਾਲਨਾ ਕੀਤੀ, ਉਹਨਾਂ ਸਾਹਸ ਦਾ ਧਰਮ ਜੀਵਿਆ, ਬੀਰਤਾ ਨਾਲ ਅਕਾਲ ਦੀ ਪੂਜਾ ਕੀਤੀ।

---

੪. ਇਸ ਮੁਲਾਕਾਤ ਦੀ ਗਵਾਹੀ ਹਨੂਮੰਤ ਸੁਆਮੀ ਦੀ ੧੭੯੩ ਵਿਚ ਲਿਖੀ ਮਰਾਠੀ ਪੁਸਤਕ 'ਬੱਖਰ ਰਾਮ ਦਾਸ ਸੁਆਮੀ' ਤੋਂ ਵੀ ਮਿਲਦੀ ਹੈ ਤੇ 'ਪੰਜਾਹ ਸਾਖੀਆਂ' ਤੋਂ ਵੀ। ਦੋਹਾਂ ਦਾ ਵੇਰਵਾ ਵਖਰਾ ਹੈ। ਇਥੇ ਅਸਾਂ 'ਪੰਜਾਹ ਸਾਖੀਆਂ' ਵਿਚਲੀ ਵਾਰਤਾ ਹੀ ਪਰਵਾਨ ਕੀਤੀ ਹੈ।

੫. ਇਥੇ ਇਸ਼ਾਰਾ ਪੰਜਾਂ ਪਿਆਰਿਆਂ ਦੀ ਅਜ਼ਮਾਇਸ਼ ਵਲ ਜਾਪਦਾ ਹੈ।

੬. ਅਸਿ=ਤਲਵਾਰ, ਕੇਤੁ=ਧੁਜਾ। ਅਸਿਕੇਤ=ਤਲਵਾਰ ਹੈ ਜਿਸ ਦੀ ਧੁਜਾ ਵਿਚ।

੭. ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ। —ਸਲੋਕ ਮ: ੩, (੮੬/੧੪)



www.AKJ.Org

# ਮੇਰੀ ਪੂਜਾ ਦੀ ਘੜੀ

(ਆਤਮਕ ਪਹੁ-ਫੁਟਾਲਾ)

[ਪ੍ਰੋਫੈਸਰ ਪੂਰਨ ਸਿੰਘ ਜੀ]

ਲਓ ! ਅਸਾਂ ਗਰੀਬਾਂ ਦਾ ਭੀ ਦਿਨ ਚੜ੍ਹਿਆ, "ਚਿੜੀ ਚੂਹਕੀ ਪਹੁ ਫੁਟੀ", ਫੁੱਲ ਖਿੜੇ, ਹਵਾ ਚੱਲੀ, ਅੱਜ ਦਿਲ ਵਿਚ ਲੋ ਹੋਈ। ਉਂਞ ਤਾਂ ਰੋਜ਼ ਸੂਰਜ ਚੜ੍ਹਦਾ ਹੈ, ਰੋਜ਼ ਪੰਖੇਰੂ ਬੋਲਦੇ ਹਨ, ਰੋਜ਼ ਪਹੁ-ਫੁਟਾਲੇ ਦੀ ਚਾਨਣੀ ਫੁਹਾਰ ਪੈਂਦੀ ਹੈ, ਹਵਾਵਾਂ ਸ਼ਾਂ ਸ਼ਾਂ ਕਰਦੀਆਂ ਵਗਦੀਆਂ ਹਨ। ਵੇਲਾ ਵਗਦਾ ਜਾਂਦਾ ਹੈ। ਦੁਪਹਿਰ ਹੋਈ, ਸ਼ਾਮ ਹੋਈ, ਪੱਛਮ ਲਾਲੀ ਗਊ-ਧੂੜਾਂ ਨਾਲ ਮਿਲੀ, ਸ਼ਾਮਾਂ ਨੂੰ ਰੰਗਦੀ ਲੰਘ ਗਈ, ਰਾਤ ਦੀ ਸਿਆਹੀ ਉਪਰ ਨੂਰ ਦੀਆਂ ਟਿੱਕੀਆਂ ਟਿੱਕੀਆਂ ਆਣ ਚਮਕਣ ਲਗੀਆਂ, ਰੋਜ਼ ਅਨੇਕ ਰਸ ਬਦਲੇ, ਪਰ ਮੇਰਾ ਇਹ ਦਿਲ ਨਾ ਜਾਗਿਆ। ਅਨੰਤ ਜੋਤੀ, ਅਨੰਤ ਸੁਹੱਣਪ, ਅਨੰਤ ਇਲਾਹੀ ਤਰੰਗਾਂ ਲਹਿਰਾ ਗਈਆਂ, ਪਰ ਅੰਦਰ ਦਾ ਕੰਵਲ ਨਾ ਖਿੜਿਆ। ਮੇਰੇ ਰੂਹ ਨੇ ਹੰਭਲਾ ਨਾ ਮਾਰਿਆ, ਜਾਣੋ ਕਿਸੇ ਤਾਪ ਜਿਹੇ ਵਿਚ ਪਿਆ ਰਿਹਾ, ਕਿਸੇ ਖੂਹ ਜਿਹੇ ਵਿਚ ਢੱਠਾ ਰਿਹਾ। ਜਿਹਨੂੰ ਦੁਨੀਆ ਵਾਲੇ 'ਹੋਸ਼' ਕਹਿੰਦੇ ਹਨ, ਉਹ ਦਰਅਸਲ ਬੇਹੋਸ਼ੀ ਹੈ। ਮੈਨੂੰ ਤਾਂ ਹੋਸ਼ ਇਹੋ ਹੀ ਆਉਂਦੀ ਹੈ ਕਿ ਮੈਂ ਬੇਹੋਸ਼ ਹਾਂ, ਮੇਰਾ ਚੌਵੀ ਘੰਟੇ ਦਾ ਜੀਣਾ ਬੇਹੋਸ਼ੀ ਵਿਚ ਹੈ; ਦੁਨੀਆ ਨਾਲ ਪਿਆਰ ਬੇਹੋਸ਼ੀ ਵਿਚ, ਮਾਨੁੱਖਾਂ ਨਾਲ ਦੋਸਤੀ ਬੇਹੋਸ਼ੀ ਵਿਚ, ਖਾਣਾ ਪੀਣਾ ਪਹਿਨਣਾ ਬੇਹੋਸ਼ੀ ਵਿਚ; ਪਰ ਜੀਵਨ ਦਾ ਉਹ ਖਿਣ, ਜਦ ਕਦੀ ਰੱਬ ਦੇ ਬੰਦਿਆਂ ਵਾਲੀ ਹੋਸ਼ ਫੇਰਾ ਪਾਉਂਦੀ ਹੈ, ਮੈਂ ਕੇ ਦੱਸਾਂ ?

ਬਾਹਰ ਪ੍ਰਾਕ੍ਰਿਤਕ ਪਹੁ-ਫੁਟਾਲੀ ਦਾ ਜਵਾਬ ਮੇਰੇ ਰੂਹ ਦੇ ਅੰਦਰ ਇਕ ਆਤਮਕ ਗੂੰਜ ਦੀ, ਗਗਨ ਵਤ ਉੱਚੀ, ਤਿੱਖੀ, ਤੀਰੀ ਸਵੇਰ ਫੁੱਟਦੀ ਹੈ; ਨੂਰ ਦਾ ਕੜਕਦਾ, ਕੂਕਦਾ, ਸ਼ੂਕਦਾ, ਗੱਜਦਾ ਵੱਜਦਾ ਮੀਂਹ ਪੈਂਦਾ ਹੈ; ਪ੍ਰਕਾਸ਼ ਦਾ ਬਿਜਲੀ-ਰੰਗਾ ਅਸਗਾਹ ਛੰਭ ਪੈਂਦਾ ਹੈ ਤੇ ਵਗਦੇ ਛੰਭ ਦੇ ਓਹ ਉਛਾਲੇ ਸ੍ਵਰਨ ਤੇ ਚਾਂਦੀ ਦੀਆਂ ਕਣ-ਬਦਲੀਆਂ ਦਾ ਤੁਫਾਨ ਆ ਜਾਂਦਾ ਹੈ, ਇਹ ਮਲੂਮ ਹੁੰਦਾ ਹੈ ਕਿ ਉਹ ਬਾਹਰ ਦਾ ਪਹੁ-ਫੁਟਾਲਾ ਇਸ ਅੰਦਰਲੇ ਪ੍ਰਕਾਸ਼ ਛਾਯਾ ਦੀ ਧੂੜ ਜਿਹੀ ਵਿਚ ਪਿਆ ਹੈ। ਮੇਰੇ ਦਿਲ ਦੇ ਅੰਦਰ ਸੂਰਜ ਉਦੇ, ਚੰਨ ਦੀ ਚਾਨਣੀ, ਮੇਰੇ ਦਿਲ ਦੇ ਅੰਦਰ ਆਦਰਸ਼, ਮੇਰੇ ਦਿਲ ਦੇ ਅੰਦਰ ਬੱਦਲ, ਇਹ ਲਾਲ ਗੁਲਾਬੀ ਪੀਤੰਬਰ, ਪੀਲੇ, ਬਸੰਤੀ,

---

ਕੁਰਬਾਨੀ ਬੜੀ ਵੱਡੀ ਬੀਰਤਾ ਹੈ; ਪਰ ਜਦ ਜ਼ਿੰਦਗੀ ਮੌਤ ਨਾਲੋਂ ਵੀ ਵੱਧ ਭਿਆਨਕ ਹੋ ਜਾਵੇ ਤਦ ਆਤਮਾ ਵਿਚ ਫੌਲਾਦ ਉਗਾ ਕੇ ਜੀਊਣਾ, ਸਿਰ ਦੇਣ ਨਾਲੋਂ ਵਡੇਰੀ ਬਹਾਦਰੀ ਦੀ ਮੰਗ ਕਰਦਾ ਹੈ। ਜਦ ਜ਼ੁਲਮ ਦੀ ਤੇਗ਼ ਗਾਤਰੇ ਵਿਚੋਂ ਨਿਕਲ ਕੇ ਚਾਂਬਲੀ ਫਿਰਦੀ ਹੋਵੇ ਤਾਂ ਧਰਮ ਦੀ ਤੇਗ਼ ਹੀ ਗਾਤਰੇ ਵਿਚੋਂ ਨਿਕਲ ਕੇ ਜ਼ੁਲਮ ਦੀ ਤੇਗ਼ ਨੂੰ ਵਾਪਸ ਗਾਤਰੇ ਵਿਚ ਚਲੇ ਜਾਣ ਲਈ ਮਜਬੂਰ ਕਰ ਸਕਦੀ ਹੈ। ਧਰਮ ਦੀ ਤੇਗ਼ ਓਹੀ ਉਠਾ ਸਕਦਾ ਹੈ ਜੋ :

ਮੁਖ ਤੇ ਹਰਿ, ਚਿਤ ਮੈ ਜੁੱਧ ਬਿਚਾਰੇ। –ਕ੍ਰਿਸ਼ਨਾਵਤਾਰ ੨੪੯੨.੧

ਸਿਖ ਸ਼ਬਦਾਵਲੀ ਵਿਚ ਤੇਗ਼ ਨੂੰ ਕਿਰਪਾਨ (ਕਿਰਪਾ + ਆਨ) ਆਖਿਆ ਹੈ; ਇਹ ਜਾਂ ਕਿਰਪਾ ਵਿਚ ਉੱਠਦੀ ਹੈ ਜਾਂ ਆਨ ਦੀ ਰਾਖੀ ਲਈ। ਜਿਨ੍ਹਾਂ ਜਿਨ੍ਹਾਂ ਸੂਰਬੀਰਾਂ ਨੇ ਧਰਮ ਦੀ ਰਾਖੀ ਲਈ, ਦੀਨਾਂ ਦੀ ਪ੍ਰਤਿਪਾਲਨਾ ਖ਼ਾਤਰ,[੮] ਅਨਿਆਂ ਦੂਰ ਕਰਨ ਹਿਤ ਜਾਂ ਮਜ਼ਲੂਮਾਂ ਦੀ ਸਹਾਇਤਾ ਲਈ ਤੇਗ਼ ਵਾਹੀ ਉਹਨਾਂ ਨੂੰ ਅਸੀਂ ਨਿੱਤ ਅਰਦਾਸ ਵਿਚ ਸਿਮਰਦੇ ਹਾਂ। ਇਉਂ ਨਾ-ਕੇਵਲ ਅਸੀਂ ਆਪਣਾ ਈਮਾਨ ਹੀ ਤਾਜ਼ਾ ਕਰਦੇ ਹਾਂ, ਇਹਨਾਂ ਸੂਰਬੀਰਾਂ ਦੀ ਸਿਮਰਿਤੀ ਪਾਸੋਂ ਨਿਡਰਤਾ ਤੇ ਉਦਾਰਤਾ ਭਰੀ ਸੂਰਮਗਤੀ ਦੀ ਪ੍ਰੇਰਨਾ ਵੀ ਪ੍ਰਾਪਤ ਕਰਦੇ ਹਾਂ।

੮. ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।
—ਸਲੋਕ ਕਬੀਰ (੧੧੦੫/੫)



www.AKJ.Org

ਸੁਨਹਿਰੀ, ਊਦੇ, ਨੀਮ ਊਦੇ, ਨੀਲੇ, ਮੋਰ-ਗਰਦਨੀ, ਸ਼ਯਾਮ ਰੰਗ, ਇਹ ਸਵੇਰ ਤੇ ਸ਼ਾਮ ਦੀਆਂ ਰੁਮਕਦੀਆਂ ਹਵਾਵਾਂ ਇਹ ਕੁਦਰਤ ਦੇ ਸੋਹਿਲੇ; ਹੁਣ ਭਾਈ ! ਪਹੁ ਫੁਟੀ, ਕਿਸੀ ਦਿਲ ਦੀ ਗੁਫਾ ਵਿਚੋਂ ਦਿਨ ਆਨ ਚੜ੍ਹਿਆ, ਹੁਣ ਇਹ ਹਵਾਵਾਂ ਸੁਹੇਲੀਆਂ ਜਾਪਦੀਆਂ ਹਨ, ਹੁਣ ਬੱਦਲ ਗੱਲਾਂ ਕਰਦੇ ਹਨ, ਸੁਰੂਆਂ ਦੀਆਂ ਛਾਵਾਂ ਵਿਚ ਕਈ ਰੂਹ ਧਮਾਚੜ ਮਚਾ ਰਹੇ ਹਨ, ਹਜ਼ਾਰਾਂ ਫੁਲਵਾੜੀਆਂ ਖਿੜੀਆਂ ਪਈਆਂ ਹਨ, ਰੱਬ ਦੇ ਬੰਦੇ ਦਾ ਦਿਲ ਕੇਹਾ ਸੁਹਣਾ ਚਮਨ ਹੈ, ਕੇਹਾ 'ਖਿੜਿਆ ਬਾਗ' ਹੈ। ਏਥੇ ਕੁਦਰਤ ਦੇ ਸੁਹੱਣਪ, ਰਾਗ, ਸੁਗੰਧੀ, ਰੰਗ, ਰੂਪ, ਗੀਤ, ਪਿਆਰ ਦੇ ਜੀਵਨ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਹਨ, ਹੋਰ ਕੁਛ ਸਮਾਈ ਅਸੰਭਵ।

ਫਿਰ ਸਿੱਧਾਂਤ ਦੀ ਗੱਲ ਹੈ ਕਿ ਧੁੱਪ ਪਿਆਰੀ ਤਾਂ ਲੱਗੇ ਜੇ ਓਹੋ ਜਿਹੀ ਅੰਦਰ ਮੇਰੇ ਧੁੱਪ ਖਿੜੀ ਹੋਵੇ। ਆਕਾਸ਼ ਆਪਣਾ ਤਦ ਦਿੱਸੇ ਜੇ ਓਹੋ ਜਿਹਾ ਅੰਦਰ ਆਕਾਸ਼ ਹੋਵੇ। ਇਕ ਚੰਨ ਦਿਲ ਦੀ ਗੁਫਾ ਵਿਚ ਹੋਵੇ ਤਦ ਬਾਹਰ ਦੀ ਚਾਨਣੀ ਕੋਈ ਕਰੀਬੀ ਹੱਡੀ, ਅੰਗ ਸਾਕ ਭਾਸਣ ਲੱਗੇ। ਹਵਾਵਾਂ, ਪੰਖੇਰੂ, ਬਸੰਤ ਦੇ ਬੱਦਲ ਮੇਰੇ ਪ੍ਰੀਤ-ਸੁਨੇਹੇ ਕਿਵੇਂ ਲੈ ਜਾਣ, ਜਦ ਤਾਈਂ ਓਹ ਆਪਣਾ ਲਹੂ ਮੈਂ ਵਿਚ ਸੁੰਘ ਨਾ ਲੈਣ। ਹਾਂ ਜੀ ! ਰੱਬ ਦਾ ਬੰਦਾ ਕਹਿ ਸਕਦਾ ਹੈ :—

ਓ ਗਗਨ ! ਆ'ਜਾ, ਮੈਂ ਤੇਰੇ ਨਾਲ ਮਿਲਸਾਂ !
ਹਾਂ ਜੀ, ਅੱਜ ਮਿਲਸਾਂ !
ਤੇਰੇ ਉੱਤੇ ਪ੍ਰਭਾਤ ਛਾਈ ਹੈ
ਮੈਂ ਵਿਚ ਬੀ ਭੋਰ ਹੋਈ ਹੈ।
ਓ ਸਮੁੰਦ੍ਰ ! ਉੱਛਲ ਕੂਕ,
ਮੈਂ ਤੇਰੇ ਥੀਂ ਵੱਧ ਉਛਲਸਾਂ
ਮੈਂ ਤੈਥੀਂ ਵੱਧ ਕੂਕਸਾਂ।
ਓ ਤਾਰਿਓ ! ਚਮਕੋ, ਅਡੋਲ ਖੜੇ ਰਹੋ,
ਮੈਂ ਤੁਸਾਂ ਥੀਂ ਵੱਧ ਸਬਰ ਕਰਸਾਂ ਤੇ ਬੇਅੰਤ ਸਬਰ।
ਓ ਬਿਜਲੀ ! ਕੜਕ, ਗੱਜ, ਤੜਪ, ਟੋਟੇ ਹੋ ਜਾਹ,
ਪਰ ਠਹਿਰ,
ਮੇਰੀਂ ਹੱਡੀਂ ਆਸ ਦੇ ਜ਼ਰਰੇ
ਤੇਰੇ ਥੀਂ ਵੱਧ ਕੜਕਸਨ, ਵੱਧ ਗਰਜਸਨ,
ਵੱਧ ਤੜਪਸਨ, ਮੇਰੀ ਬੇਅੰਤ ਬੇਸਬਰੀ।
ਹੇ ਪਰਬਤ ! ਬੱਜਰਪਨੇ ਤੂੰ ਨਾ ਹਿੱਲੇਂ,
ਆ, ਮੈਂ ਨਾਲ ਖਲੋ ਕੇ ਤੱਕ।
ਹੇ ਰਵਿ, ਹੇ ਸਸਿ !
ਮੈਂ ਰੱਬ ਦਾ ਬੰਦਾ ਤੁਸਾਂ ਥੀਂ ਵੱਧ ਚਮਕਸਾਂ,
ਫੁਲੋ ! ਖਿੜੋ, ਮਹਿਕੋ,
ਪਰ ਮੈਂ ਤੁਸਾਂ ਥੀਂ ਵੱਧ ਮਹਿਕਸਾਂ।

ਜਦ ਤਕ ਉਹ ਰੂਹ ਦਾ ਅੰਦਰੋਂ ਟੰਕਾਰੀ ਸ਼ਬਦ ਨਾ ਹੋਵੇ, ਕੁਦਰਤ ਦਾ ਆਤਮਕ ਭਾਵ ਸਾਡੇ ਆਤਮਾ ਦੇ ਹੱਡੀ ਮਾਸ ਵਿਚ ਨਾ ਵੱਸੇ, ਤਦ ਤਕ ਹੋਸ਼ ਬੇਹੋਸ਼ੀ ਹੈ, ਨੀਂਦਰ ਮੌਤ ਤੇ ਜਾਗ੍ਰਤ ਹਨੇਰਾ ਹੈ। ਇਸ ਹਨੇਰੇ ਵਿਚ ਕੁਦਰਤ ਇਕ-ਅਰਥ-ਰਹਿਤ-ਵਿਸਥਾਰ ਹੈ, ਆਸ ਪਾਸ ਇੱਟ ਰੋੜੇ ਵਾਂਗ ਤਿੱਤ੍ਰ ਬਿੱਤ੍ਰ ਖਿਲਾਰ ਹੈ। ਕੁਦਰਤ ਵਿਚ ਸਾਡੀ ਸੈਰ ਇਕ ਸੁਰੰਗ ਵਿਚ ਦੀ ਛੂਟ ਕਰ ਦੌੜਨਾ ਹੈ, ਜਾਂ 'ਪਹੁੰਚੇ ਛੂੰਗ ਕੇ' ਦਰਯਾ ਦੇ ਜਲ ਵਿੱਚੋਂ ਲੰਘ ਜਾਣਾ


www.AKJ.Org

ਹੈ। ਦਰਯਾ ਦਾ ਪਾਣੀ ਸਾਡੇ ਅੰਦਰ ਨੂੰ ਕਦੀ ਗਿੱਲਾ ਨਹੀਂ ਕਰਦਾ। ਬੇਹੋਸ਼ ਬੰਦੇ ਨੂੰ ਕੁਦਰਤ ਨਾਲ ਅਪਣੱਤ ਕੋਈ ਨਹੀਂ, ਬੇਹੋਸ਼ੀ ਦਾ ਇਹ ਸਭ ਥੀਂ ਮੋਟਾ ਲੱਛਣ ਹੈ। ਜਿਸ ਚੀਜ਼ ਨਾਲ ਅਪਣੱਤ ਕੋਈ ਨਹੀਂ, ਓਹ ਸਾਡੇ ਲਈ ਜਿਹੀ ਹੋਈ ਤੇ ਜਿਹੀ ਨਾ ਹੋਈ। ਕੇਵਲ ਪਿਆਰ ਹੀ ਗਿਆਨ ਹੈ। ਪਿਆਰ ਥੀਂ, ਅਪਣੱਤ ਥੀਂ ਛੁੱਟ ਹੋਰ ਕੋਈ ਗਿਆਨ ਨਹੀਂ। ਜਦ ਅਸੀਂ ਕਿਸੀ ਚੀਜ਼ ਨੂੰ ਪਿਆਰ ਕਰਦੇ ਹਾਂ ਤਾਂ ਉਹ ਚੀਜ਼ ਸਾਡੇ ਅੰਦਰ ਆ ਵਸਦੀ ਹੈ, ਸਾਡੇ ਵਿਚ ਹੀ ਰਹਿਣ ਲਗ ਜਾਂਦੀ ਹੈ, ਸਾਡੇ ਵਿਚ ਹੀ ਸਾਹ ਲੈਣ ਲਗ ਜਾਂਦੀ ਹੈ। ਪਿਆਰ ਸਭ ਭੇਤਾਂ ਨੂੰ ਜਾਣ ਜਾਂਦਾ ਹੈ। ਓਸ ਚੀਜ਼ ਦਾ ਸਹਿਜ ਸੁਭਾ ਇਲਮ ਹੋ ਜਾਣਾ ਪਿਆਰ ਦਾ ਨਤੀਜਾ ਹੈ। ਜਦ ਇਉਂ ਮੱਲੋ ਮੱਲੀ ਕੁਦਰਤ ਦੇ ਪਿਆਰ ਵਿਚ ਗੂੰਜ ਦਾ ਅੰਦਰ ਪਹੁ-ਫੁਟਾਲਾ ਹੋਇਆ, ਰਤਾ ਕੁ ਹੋਸ਼ ਆ ਗਈ, ਇਹ ਬੱਸ ਮੈਨੂੰ ਕਿੰਨੇ ਚਿਰ ਪਿਛੋਂ ਰੱਬ ਦੀ ਪੂਜਾ ਕਰਨ ਨੂੰ ਸਮਾਂ ਲੱਭਾ, ਇਹ ਮੇਰੀ ਪੂਜਾ ਦੀ ਘੜੀ ਹੈ।

ਹੁਣ ਇਸ ਘੜੀ ਮੈਨੂੰ ਕੋਈ ਭੀ ਗਰੀਬ ਨਾ ਆਖੇ, ਕੋਈ ਨਾ ਆਖੇ ਮੈਂ ਮਸਕੀਨ, ਮੈਂ ਪਾਪੀ। ਕੋਈ ਨ ਆਖੋ, ਮੈਂ ਗੰਦਾ। ਓਏ! ਮੈਂ ਰੱਬ ਦਾ ਬੰਦਾ। ਓਏ! ਮੈਂ ਕਲਗੀਆਂ ਵਾਲੇ, ਬਾਜਾਂ ਵਾਲੇ ਦਾ ਨਿੱਕਾ ਜਿਹਾ ਬੱਚਾ, ਓਏ ਮੈਂ ਬਾਬੇ ਦਾ ਭੁਜੰਗੀ। ਓਏ ਸਭ ਥੀਂ ਉੱਚਾ ਮੀਨਾਰ ਮੈਨੂੰ ਦੇਵੋ, ਓਏ ਮੈਂ ਕੂਕਾਂ: 'ਮਿਟੀ ਧੁੰਧੁ ਜਗਿ ਚਾਨਣੁ ਹੋਆ'। ਅੱਜ ਕਲਗੀਆਂ ਵਾਲਾ ਆਇਆ। ਇਹ ਸੁਖ ਦੀ ਘੜੀ ਮੇਰੀ ਅਚਰਜ ਹੈ। ਦੇਖੋ, ਇਸ ਸੁਹੱਣਪ ਦਾ ਨਜ਼ਾਰਾ ਕਰੋ, ਹੁਣ ਮੈਨੂੰ ਬੱਸ ਆਖੋ ਕੁਛ ਨਹੀਂ, ਮੈਂ ਕਿਸੀ ਦਾ ਕੁਝ ਨਹੀਂ ਦੇਣਾ। ਹੇ ਦੁਨੀਆ ਵਾਲਿਓ! ਨਾ ਮੈਂ ਕਿਸੀ ਦਾ ਤੇ ਨਾ ਮੇਰਾ ਕੋਈ; ਨਾ ਕੋਈ ਸਾਥੀ ਨਾ ਸੰਗੀ, ਇਕੱਲੇ ਆਏ ਇਕੱਲੇ ਜਾਣਾ! ਹਾਂ, ਹਾਂ ਹਸਦਿਆਂ ਵੰਦਾਂ ਦੀ ਪ੍ਰੀਤਿ ਇਹ ਰੀਤਿ ਮਿੱਤ੍ਰਾਂ ਦੀ ਛੱਡਣੀ ਨਹੀਂ। ਆਓ, ਬਹਿ ਜਾਓ, ਪਰ ਆਖੋ ਕੁਝ ਨਾ, ਯਾਦ ਮੈਨੂੰ ਕੁਝ ਨਾ ਕਰਾਓ, ਦੁਖ ਹੋਸੀ, ਕਲਹ ਹੋਸੀ, ਪਰ ਇਹ ਘੜੀ ਮੈਨੂੰ ਪੂਜਾ ਕਰ ਲੈਣ ਦਿਓ, ਪਤਾ ਨਹੀਂ ਕਿੰਨੀਆਂ ਸਦੀਆਂ ਮਗਰੋਂ ਮੈਨੂੰ ਇਹ ਹੱਥ ਲੱਗੀ ਹੈ।

ਦੇਖੋ, ਕੁਦਰਤ ਅਡੋਲ ਆਤਮ-ਰਸ ਵਿਚ ਲੀਨ ਹੋਈ, ਪਹੁ ਥਾਈਂ ਥਾਈਂ ਫੁੱਟ ਰਹੀ ਹੈ; ਸੁਹੱਪਣ ਟੁੱਟ ਨਹੀਂ ਹੈ, ਬਰਫ਼, ਅੱਗ, ਜਲ, ਵਾਯੂ, ਹਰਨ, ਸ਼ੇਰ, ਘਾਹ, ਦਰਯਾ, ਪਰਬਤ, ਅਕਾਸ਼ ਬ੍ਰਿਛ, ਧਰਤੀ, ਚੰਨ, ਸੂਰ, ਤਾਰੇ, ਦਿਨ, ਰਾਤ, ਮੰਡਲਾਂ ਦੇ ਮੰਡਲ, ਬ੍ਰਹਮੰਡਾਂ ਦੇ ਬ੍ਰਹਮੰਡ ਅਡੋਲ ਸਾਈਂ ਜੀ ਦੀ ਸੁਰਤ ਵਿਚ ਪ੍ਰੋਤੇ ਖੜੇ ਹਨ, ਇਹ ਰੱਬੀ ਮਿਹਰ ਦੀ ਅਗੰਮ ਘੜੀ ਹੈ, ਇਹ ਸਤਿਗੁਰ ਦੇ ਪਿਆਰ ਦਾ ਅਨੇਕ ਜਨਮਾਂ ਦੇ ਮੁੱਲ ਦਾ ਇਕ ਛਿਨ ਹੈ, ਇਹ ਮੇਰੀ ਪੂਜਾ ਦੀ ਘੜੀ ਹੈ, ਇਹ 'ਅੰਮ੍ਰਿਤ ਵੇਲੇ' ਦਾ ਕਿਣਕਾ ਹੈ, ਇਹ ਕਲਗੀਆਂ ਵਾਲੇ ਦੀ ਕਲਗੀ ਥੀਂ ਚੱਲੀ ਕਿਰਨ ਦੀ ਮੰਦ ਮੰਦ ਦਿਵਯ ਛੁਹ ਹੈ।

ਖਲੋ ਜਾਈਂ ਹੇ ਬਾਜ਼ਾਂ ਵਾਲਿਆ ਬਾਬਲਾ! ਹੇ ਨੀਲੇ ਘੋੜੇ ਵਾਲੇ! ਰਤਾ ਕੁ ਠਹਿਰੀਂ!

ਇਸ ਘਰ ਦੀ ਬਨਾਵਟ ਚੰਗੀ, ਚੰਗੇ ਇਹ ਮਹਲ, ਚੰਗੀ ਸੁਹਣੀ ਤੇਰੀ ਕੁਦਰਤ, ਪਰ ਮੈਂ ਕੀ ਕਰਾਂ ਇਨ੍ਹਾਂ ਮੰਮਟਾਂ ਮਾੜੀਆਂ ਨੂੰ? ਇਥੇ ਮੇਰਾ ਦਿਲ ਤੰਗ ਪੈਂਦਾ ਹੈ, ਹੁੱਸੜ ਆਉਂਦਾ ਹੈ, ਕੁਦਰਤ ਭਾਰੀ ਲਗਦੀ ਹੈ। ਬਾਬਲ ਜੀ! ਅਮੀਰੀ ਦੀ ਚਾਹ ਨਹੀਂ, ਅਜ ਦਿਲ ਦਾ ਦਿਨ ਚੜ੍ਹਿਆ ਹੈ। ਗਰੀਬੀ ਦਿਓ, ਟੁੱਟੇ ਬਸਤ੍ਰ ਬਖ਼ਸ਼ੋ, ਭੁੱਲ ਬਖ਼ਸ਼ੋ; ਇਹ ਰੱਜਣਾ, ਇਹੀ ਅਮੀਰੀ ਕਿਹੀ ਕੰਗਾਲ ਹੈ। ਆਪਣੇ ਦਰਸ਼ਨ ਦੀ ਭੁੱਖ ਦਿਓ, ਬੱਸ ਰੱਜੀਏ ਨਾ। ਇਉਂ ਭੀ ਸਭ ਚੀਜ਼ਾਂ ਚੰਗੀਆਂ ਹਨ, ਸਸਿ, ਸੂਰ, ਪਾਵਕ, ਅਕਾਸ਼, ਫਲ ਫਲ ਸੁੰਦਰ; ਅਗਨੀ, ਚੰਦਨ, ਸੰਧੂਰ ਸਭ ਚੰਗੇ, ਪਰ ਹੇ ਸਚੇ ਪਾਤਸ਼ਾਹ! ਜਿਸ ਨੂੰ ਤੁਸੀਂ ਬਖ਼ਸ਼ੋ ਉਸ ਨੂੰ ਇਹ ਚੰਗੇ ਨਾ ਲਗਣ, ਤੁਸਾਡੇ ਚਰਨ ਚੰਗੇ ਲਗਣ, ਤੁਸਾਡੇ ਘੋੜੇ ਦਾ ਰਾਹ ਚੰਗਾ ਲਗੇ, ਆਪ ਦੇ ਜਾਣ ਦੇ ਰਸਤੇ ਦੀ ਮਿੱਟੀ ਮੇਰੇ ਰੂਹ ਦੀ ਵਿਭੂਤੀ ਹੋਵੇ।

ਹੇ ਕ੍ਰਿਪਾਲ! ਹੇ ਦਿਆਲ! ਹੇ ਸੂਰਜਾਂ ਦੇ ਸੂਰਜ! ਹੇ ਮੀਰੀ ਪੀਰੀ ਦੇ ਸਾਈਂ! ਹੇ ਜੀਵਨਾਂ ਦੇ ਜੀਵਨ! ਹੇ ਜਗਤ ਦੇ ਰੂਹ! ਹੇ ਜੋਤਾਂ ਦੇ ਜੋਤੀ! ਹੇ ਦਿਲਾਂ ਦੇ ਦਿਲ! ਹੇ ਪ੍ਰਾਣਾਂ ਦੇ ਪ੍ਰਾਣ! ਹੇ ਮੇਰੇ ਪਾਤਸ਼ਾਹ! ਹੇ ਅਕਾਲ ਮੂਰਤ! ਹੇ ਨਿਰਵੈਰ! ਹੇ ਸਤਿਨਾਮ! ਹੇ ਵਾਹਿਗੁਰੂ! ਹੇ ਸੰਗੀ! ਹੇ ਸਹਾਈ! ਹੇ ਬਖ਼ਸ਼ਿੰਦ ਸੱਚੇ ਸਤਿਗੁਰੂ! ਹੇ ਸੂਰਜਾਂ ਦੇ ਸਾਈਂ! ਹੇ ਭੂਤ ਭਵਿੱਖਤ ਦੇ ਵਾਲੀ! ਹੇ ਪਾਤਸ਼ਾਹਾ ਦੇ ਪਾਤਸ਼ਾਹ! ਜਿਸ



www.AKJ.Org

# ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ-ਸਰੋਵਰ ਦੀ ਪਾਰਸ-ਕਲਾ

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ 'ਵਾਹਿਗੁਰੂ ਸਿਮਰਨ-ਟ੍ਰੈਕਟ ਵਿਚ ਲਿਖਦੇ ਹਨ–

"ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦੀ ਪਾਰਸ ਅਖੰਡਾਕਾਰ ਸਪਰਸ਼ ਦੁਆਰਾ, ਗੁਰਬਾਣੀ ਦੇ ਸੇਵਨਹਾਰੇ ਜਗਿਆਸੂ ਦੀ ਸੁਰਤੀ ਬਿਰਤੀ ਸੈਕੁਲ ਹੋ ਕੇ ਆਤਮ-ਜਾਗਰਤਾ ਵਿਚ ਜਾਗ ਉਠਦੀ ਹੈ।... .. ਨਾਮ ਗੁਰਬਾਣੀ ਪਾਰਸ ਰੂਪ ਹਨ। ਇਸ ਪਾਰਸ ਰੂਪ ਅੰਮ੍ਰਿਤ ਪਦਾਰਥ ਦੇ ਸਪਰਸ਼ ਨਾਲ ਨਾਮ ਬਾਣੀ ਦੀ ਪਾਰਸ ਕਲਾ ਵਰਤ ਜਾਂਦੀ ਹੈ, ਜਿਸ ਕਰਕੇ ਨਾਮ ਬਾਣੀ ਦਾ ਰਸ ਆਉਣ ਲਗ ਜਾਂਦਾ ਹੈ। ਇਸ ਤਰ੍ਹਾਂ ਨਾਮ ਬਾਣੀ ਦੇ ਸੇਵਨਹਾਰੇ ਦੀ ਸੁਰਤੀ ਬਿਰਤੀ ਪ੍ਰਵਿਰਤੀਓਂ (ਸੰਸਾਰਕ ਵਿਹਾਰਾਂ) ਤੋਂ ਉਚਾਟ ਹੋ ਕੇ ਪ੍ਰਮਾਰਥ ਲਗਨ ਵਿਚ ਜਾ ਪਰਵੇਸ਼ ਕਰਦੀ ਹੈ। ...ਨਾਮ ਗੁਰਬਾਣੀ ਦੀ ਸੁਤੇ ਸਿਧ ਕਮਾਈ ਦਾ ਅੰਮ੍ਰਿਤ ਰਸਾਇਣੀ ਪਰਮ ਅਨੰਦ ਉਗਵਿ ਆਉਂਦਾ ਹੈ।"

ਸ੍ਰੀ ਗੁਰੂ ਰਾਮਦਾਸ ਜੀ ਦੇ ਸਾਜੇ ਨਿਵਾਜੇ ਸਰੋਵਰ ਦੇ ਵਿਚਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਬਾਣੀ ਦੀ ਅਖੰਡਾਕਾਰ ਧੁਨੀ ਜਾਰੀ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਨਾਮ-ਰਸੀਏ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ। ਇਸ ਮੰਦਰ ਵਿਚ ਅਠੇ ਪਹਿਰ ਗੁਰਬਾਣੀ ਦਾ ਨਿਰੰਤਰ ਅਖੰਡ ਕੀਰਤਨ ਜਾਰੀ ਰਖੇ ਜਾਣ ਕਰਕੇ ਹੀ ਇਹ ਵਾਹਿਗੁਰੂ ਜੀ ਦਾ ਸਾਜਿਆ ਜ਼ਾਹਰਾ ਜ਼ਹੂਰ ਸਚਖੰਡ ਹੈ। ਇਸ ਵਿਚ ਕਿਸੇ ਦੇਵੀ ਦੇਵਤੇ ਦੀ ਪੂਜਾ ਪ੍ਰਤਿਸ਼ਠਾ ਨਹੀਂ, ਸਗੋਂ ਕੇਵਲ ਇਕ ਅਕਾਲ ਪੁਰਖ ਦੇ ਚਰਨਾਂ ਵਿਚ ਜੁੜਨ ਲਈ ਗੁਰਬਾਣੀ ਕੀਰਤਨ ਨੂੰ ਹੀ ਮਹਾਨਤਾ ਦਿਤੀ ਗਈ ਹੈ, ਇਸੇ ਕਰਕੇ ਹੀ ਇਹ 'ਹਰੀ ਕਾ ਮੰਦਰ' ਹੈ।

ਇਹ ਅਸਥਾਨ ਰਾਮਦਾਸ ਪੁਰੀ (ਸ੍ਰੀ ਅੰਮ੍ਰਿਤਸਰ ਸ਼ਹਿਰ) ਵਿਖੇ ਨੀਵੀਂ ਧਰਤੀ ਤੇ ਅਸਥਾਪਨ ਕਰਨ ਦਾ ਮਨੋਰਥ ਗ਼ਰੀਬੀ ਧਾਰਨ ਕਰਨ ਦੀ ਪ੍ਰੇਰਨਾ ਦੇਣਾ ਹੈ। ਇਥੇ ਹੰਕਾਰੀਆਂ ਮਾਣ-ਮਤਿਆਂ ਦਾ ਕੋਈ ਟਿਕਾਣਾ ਨਹੀਂ। ਇਥੇ ਜਿਸ ਕਿਸੇ ਨੇ ਆਉਣਾ ਹੈ, ਆਪਣਾ ਵਡੱਪਣ ਤਿਆਗ ਕੇ। ਇਹ ਅਸਥਾਨ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲਾ ਹੈ, ਪਰ ਹੰਕਾਰੀਆਂ ਤੇ ਨਿੰਦਕਾਂ-ਦੋਖੀਆਂ ਦਾ ਮਾਣ ਤੋੜਨ ਵਾਲਾ ਹੈ। ਇਸ ਅਸਥਾਨ ਦੀ ਜਿਨ੍ਹਾਂ ਵੀ ਵਡੇ ਵਡੇ ਨਾਢੂ ਖ਼ਾਨਾਂ ਤੇ ਆਕੜ-ਖ਼ਾਨਾਂ ਨੇ ਪਵਿਤਰਤਾ ਭੰਗ ਕਰਨ ਦੀ ਅਵੱਗਿਆ ਕੀਤੀ, ਉਨ੍ਹਾਂ ਦਾ ਅੰਤ ਬੁਰਾ ਹਸ਼ਰ ਹੀ ਹੋਇਆ।

ਸ੍ਰੀ ਹਰਿਮੰਦਰ ਸਾਹਿਬ ਪਵਿਤਰਤਾ ਤੇ ਸ਼ਾਂਤੀ ਦਾ ਸੋਮਾ ਹੈ। ਇਸ ਦਾ ਵਾਯੂ-ਮੰਡਲ ਤੇ ਆਲਾ-ਦੁਆਲਾ ਐਸਾ ਸਿਰਜਿਆ ਗਿਆ ਹੈ ਕਿ ਜਿਥੇ ਆ ਕੇ ਸਾਰੇ ਦਿਨ ਦੇ ਧੰਧਿਆਂ ਵਿਚ ਧਾਂਵਦੇ ਪ੍ਰਾਣੀਆਂ ਦੇ ਹਿਰਦੇ ਠਰ

---

❁ਅੱਗੇ ਜਾਗਦੇ ਬੰਦੇ ਅਰਦਾਸ ਕਰਦੇ ਹਨ, ਫ਼ਕੀਰਾਂ ਦੇ ਘਰ, ਵਤਨ, ਆਸਰਾ ਬਖ਼ਸ਼ ਲੈ! ਕੜੀ ਕੁਦਰਤ ਕੀ ਕਰਨੀ ਹੈ, ਬਸ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਰਹੇ। ਹਜ਼ੂਰੀ ਬਖ਼ਸ਼ੋ, ਮਾਇਆ ਪ੍ਰਬਲ ਨਾ ਹੋਵੇ, ਤੁਸੀਂ ਚੰਗੇ ਲਗਦੇ ਰਹੋ।

ਹੇ ਜਗਦਾਤਾ! ਹੇ ਸਵੇਰਾਂ ਦੇ ਸਵੇਰੇ! ਹੇ ਰਾਤਾਂ ਦੀ ਰਾਤ! ਹੇ ਕਾਲਾਂ ਦੇ ਕਾਲ! ਹੇ ਸੁਹਣਿਆਂ ਦੇ ਸੁਹਣੇ! ਹੇ ਪੁਰਖਾਂ ਦੇ ਪੁਰਖ! ਇਹ ਕਿਹੀ ਜਾਗ ਹੈ। ਅੱਖਾਂ ਬੰਦ ਹਨ, ਕੁਦਰਤ ਲਯ ਹੋਈ ਰੂਹ ਵਿਚ ਰਸ ਰੂਪ ਹੋ ਰਹੀ ਹੈ, ਨਰ ਨਾਰੀ, ਡਾਲ ਪੱਤੇ, ਦਰਯਾ, ਘਾਹ, ਤਾਰੇ ਸਭ ਹੱਥ-ਬੱਧੇ ਅਰਦਾਸ ਵਿਚ ਹਨ, ਤੂੰਹੀ ਤੂੰਹੀ ਦੀ ਧੁਨੀ ਹੈ, ਦਿਲਾਂ ਵਿਚ ਚਾਨਣ ਹੈ, ਸੁਗੰਧਿ ਹੈ, ਭੌਰ ਹੈ, ਅੱਜ ਪਿਆਰ ਦਾ ਦਿਨ ਹੈ, ਇਹ ਪੂਜਾ ਦੀ ਘੜੀ ਹੈ! ਧੰਨ! ਧੰਨ! ਧੰਨ! ਗੁਰੂ ਗੋਬਿੰਦ ਸਿੰਘ!

ਕੁਦਰਤ ਦਾ ਪਿਆਰ ਤੇ ਕੁਦਰਤ ਪੂਜਾ, ਹੁਣ ਵੇਖ ਲੀਤੀ, ਸਾਨੂੰ ਰਿਝਾ ਨਹੀਂ ਸਕਦੀ, ਜਾਗਦਿਆਂ ਨੂੰ ਤੇਰੀ ਕਲਗ਼ੀ ਥੀਂ ਚਲੀ ਕਿਰਨ ਇਉਂ ਲਗੀ ਜੋ ਓਹ ਬਲ ਉਠੇ, ਨੂਰ ਦਾ ਅਲਾਂਬਾ ਹੋ ਗਏ, ਹੁਣ ਠਹਿਰਨ ਕਿੱਥੇ, ਚਲੇ, ਚਲੇ।

(ਖ਼ਾਲਸਾ ਸਮਾਚਾਰ ੨੪-੧੨-੧੯੧੪)

[ਪ੍ਰੋ: ਪੂਰਨ ਸਿੰਘ ਜੀ ਲਿਖਤ "ਸ੍ਰੀ ਹਰਿਮੰਦਰ ਯਾਤ੍ਰਾ" ਆਉਂਦੇ ਸੂਰੇ ਵਿਚ]



www.AKJ.Org

ਜਾਂਦੇ ਹਨ। ਇਉਂ ਜਾਪਦਾ ਹੈ ਜਿਵੇਂ ਕੋਈ ਤਪਦੇ ਭੱਠਾਂ ਵਿਚੋਂ ਨਿਕਲ ਕੇ ਠੰਢੀ-ਠਾਰ ਗੁਫਾ ਵਿਚ ਪੁਜ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ-ਜਲ ਦੇ ਸਰੋਵਰ ਵਿਚ ਕੌਲ ਫੁਲ ਵਾਂਗ ਨੂਰ ਦੀ ਟੁਕੜੀ ਵਤ ਲਸ ਲਸ ਕਰਦਾ ਅਨੂਪਮ ਸ਼ਾਹਕਾਰ ਹੈ। ਇਹ ਕੇਵਲ ਸ੍ਵਰਨ-ਮੰਦਰ ਨਹੀਂ, ਇਹ ਕੇਵਲ ਭਾਂਤ ਭਾਂਤ ਦੇ ਕੀਮਤੀ ਪੱਥਰਾਂ ਨਾਲ ਅਤਿ-ਸੁੰਦਰ ਚਿਤਰ-ਕਾਰੀ ਕਰਕੇ ਸ਼ਿੰਗਾਰਿਆ ਸਵਾਰਿਆ ਸੰਗਮਰਮਰੀ ਮੰਦਰ ਨਹੀਂ, ਅਤੇ ਨਾ ਹੀ ਕੇਵਲ ਅੰਦਰਲੇ ਪਾਸੇ ਦੀ ਪਚੀਕਾਰੀ, ਮੀਨਾਕਾਰੀ ਅਤੇ ਚਿਤਰਕਾਰੀ ਦੇ ਅਨੂਪਮ ਦ੍ਰਿਸ਼ ਹੀ ਹਨ, ਜੋ ਰੂਹ ਨੂੰ ਤਰੋ-ਤਾਜ਼ਗੀ ਬਖ਼ਸ਼ਦੇ ਹਨ, ਸਗੋਂ ਇਨ੍ਹਾਂ ਸਭਨਾਂ ਤੋਂ ਵਧ ਇਸ ਹਰਿਮੰਦਰ ਅੰਦਰ ਜੀਵਨ-ਰੌ ਬਖ਼ਸ਼ਣ ਵਾਲੀਆਂ ਇਲਾਹੀ ਲਹਿਰਾਂ ਚਲ ਰਹੀਆਂ ਹਨ, ਜੋ ਆਏ ਗਏ ਥਕੇ ਟੁਟੇ ਪਾਂਧੀ ਨੂੰ ਸੁਖ ਸ਼ਾਂਤੀ ਪ੍ਰਦਾਨ ਕਰਕੇ, ਪ੍ਰਭੂ-ਚਰਨਾਂ ਵਿਚ ਜੁੜਨ ਲਈ ਸਹਾਈ ਹੁੰਦੀਆਂ ਹਨ।

ਇਥੇ ਆਉਣਾ ਹੈ ਸ਼ਰਧਾ ਭਾਵਨੀ ਲੈ ਕੇ, ਇਥੇ ਆਉਣਾ ਹੈ ਭੈ-ਭਾਵਨੀ ਹਿਰਦੇ ਵਿਚ ਵਸਾ ਕੇ, ਇਥੇ ਆਉਣਾ ਹੈ ਗਰੀਬੀ ਦੀ ਸੰਜੋਅ ਪਹਿਨ ਕੇ, ਇਥੇ ਆਉਣਾ ਹੈ ਸੁਤੀ ਸੁਰਤ ਨੂੰ ਜਗਾਉਣ ਲਈ। ਜੋ ਵੀ ਪ੍ਰਾਣੀ ਧਰਤੀ 'ਤੇ ਰਚੇ ਇਸ ਸਚਖੰਡ ਵਿਚ ਸ਼ਰਧਾ-ਭਾਵਨੀ, ਭੈ-ਭਾਵਨੀ ਅਤੇ ਗਰੀਬੀ ਭਾਵਨਾ ਨਾਲ ਆ ਕੇ ਹਾਜ਼ਰੀਆਂ ਭਰਦੇ ਹਨ, ਉਨ੍ਹਾਂ ਦੀ ਸੁਤੀ ਹੋਈ ਸੁਰਤ ਸਚ ਮੁਚ ਜਾਗ ਉਠਦੀ ਹੈ। ਉਹ ਅਨੂਠੇ ਅੰਮ੍ਰਿਤ-ਰਸ ਨੂੰ ਭੁੰਚਦੇ ਤੇ ਅਨੰਦਤ ਹੁੰਦੇ ਹਨ।

ਪ੍ਰੋਫੈਸਰ ਪੂਰਨ ਸਿੰਘ ਜੀ 'ਸ੍ਰੀ ਹਰਿਮੰਦਰ ਯਾਤ੍ਰਾ' ਲੇਖ ਵਿਚ ਲਿਖਦੇ ਹਨ–

"ਇਹ ਇਸ ਮੰਡਲ ਵਿਚ ਬਾਬੇ ਜੀ ਦਾ ਸਚਖੰਡ ਹੈ, ਕਲਗੀਆਂ ਵਾਲੇ ਦਾ ਵਤਨ ਹੈ, ਅਸਾਂ ਇਸ ਚੋਲੇ ਨੂੰ ਛਡ ਕੇ ਇਥੇ ਹੀ ਜਾਣਾ ਹੈ।...ਇਥੇ ਬਿਰਹੀਆਂ ਨੂੰ ਦੀਦਾਰ ਹੁੰਦੇ ਹਨ, ਭਗਤਾਂ ਦੇ ਚਿਤ ਨੂੰ ਸਹੰਸਰ ਚਰਨਾਂ ਵਾਲੇ ਦੇ ਕਮਲ-ਚਰਨਾਂ ਦੀ ਛੁਹ ਪ੍ਰਾਪਤ ਹੁੰਦੀ ਹੈ। ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ; ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪ੍ਰਲੋਕ ਦੀ ਫ਼ਤਹ ਹੈ, ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ; ਦਰਬਾਰ ਸਾਹਿਬ ਠੀਕ ਸਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ ਰਸ਼ਮੀਆਂ ਨਾਲ ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਅਕਾਸ਼ ਵਿਚ ਝੂਲ ਰਿਹਾ ਹੈ। ਜੋ ਮੰਨ ਕੇ ਇਥੇ ਆਇਆ ਉਹ ਜੀਵਨ-ਮੁਕਤ ਹੈ। ਜੀਵਨ-ਮੁਕਤੀ ਇਸੇ ਵਿਸ਼ਵਾਸ ਦਾ ਆਣਾ ਹੈ।"

ਫਿਰ ਅਗੇ ਜਾ ਕੇ ਪ੍ਰੋਫੈਸਰ ਪੂਰਨ ਸਿੰਘ ਜੀ ਲਿਖਦੇ ਹਨ–

"ਸੁਰਤ ਦੇ ਪਾਰਖੀ ਇਥੇ ਜੀਵਨ-ਸ੍ਵਾਸ ਪ੍ਰਾਪਤ ਕਰਦੇ ਹਨ। ਦੁਨੀਆ ਦਾ ਕੋਈ ਅਸਥਾਨ ਐਸਾ ਨਹੀਂ ਜਿਥੇ ਆਤਮ-ਸੱਤਾ-ਇਲਾਹੀ-ਜ਼ਿੰਦਗੀ-ਦੀ-ਰੌ ਇਸ ਜ਼ੋਰ ਨਾਲ ਚਲਦੀ ਹੋਵੇ। ਟੁੱਟੀਆਂ ਸੁਰਤਾਂ ਇਥੇ ਆਉਂਦਿਆਂ ਸਾਰ ਗੰਢੀਆਂ ਜਾਂਦੀਆਂ ਹਨ। ਇਥੋਂ ਰਾਮ-ਰਸੀਏ ਜ਼ਿਕਰ (ਸਿਮਰਨ) ਵਾਲੇ ਫ਼ਕੀਰਾਂ ਨੂੰ ਓਹ ਮਦਦ ਮਿਲਦੀ ਹੈ ਜਿਹੜੀ ਸਮਝ ਥੀਂ ਉਪਰ ਦੇ ਰੰਗ ਹਨ।"

ਇਸ ਹਰਿਮੰਦਰ ਚੋਂ ਨਾਮ ਬਾਣੀ ਕੀਰਤਨ ਦੀ ਇਲਾਹੀ ਧੁਨੀ ਦੀਆਂ ਚਲਦੀਆਂ ਲਹਿਰਾਂ ਆਲੇ ਦੁਆਲੇ ਜਲ ਦੇ ਸਰੋਵਰ ਵਿਚ ਵੀ ਪਰਵੇਸ਼ ਕਰ ਰਹੀਆਂ ਹੁੰਦੀਆਂ ਹਨ। ਰੱਬੀ ਰੰਗ ਵਿਚ ਰੰਗ ਦੇਣ ਵਾਲੀਆਂ ਇਹ ਲਹਿਰਾਂ ਇਸ ਸਰੋਵਰ ਦੇ ਜਲ ਨੂੰ ਅੰਮ੍ਰਿਤ-ਜਲ ਬਣਾਈ ਜਾਂਦੀਆਂ ਹਨ। ਇਹ ਜਲ ਅੰਮ੍ਰਿਤ-ਕਲਾ ਰੂਪ ਹੋ ਕੇ ਪ੍ਰਾਣੀ ਮਾਤ੍ਰ ਦੀ ਸੁਰਤੀ ਬਿਰਤੀ ਨੂੰ ਪ੍ਰਮਾਰਥੀ ਲਗਨ ਵਿਚ ਪਰਵੇਸ਼ ਹੋਣ ਲਈ ਸਹਾਈ ਹੁੰਦਾ ਹੈ। ਤਦੇ ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ–

(ੳ) ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਇ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥ (੬੨੫)

(ਅ) ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥ (੬੨੩)



www.AKJ.Org

(ੲ) ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥ (੧੩੬੨)

ਜਿਵੇਂ ਗੁਰਬਾਣੀ ਨੂੰ ਪੂਰਨ ਸ਼ਰਧਾ ਭਾਵਨੀ-ਸਹਿਤ ਮਨ ਚਿਤ ਲਾ ਕੇ ਪੜ੍ਹਨ ਸੁਣਨ ਨਾਲ ਹੀ ਬਾਣੀ ਦੀ ਅੰਮ੍ਰਿਤ-ਕਲਾ ਵਰਤਦੀ ਹੈ, ਇਵੇਂ ਹੀ ਪੂਰਨ ਸ਼ਰਧਾ ਧਾਰ ਕੇ ਭੈ-ਭਾਵਨੀ ਸਹਿਤ ਜੋ ਅੰਮ੍ਰਿਤ-ਸਰੋਵਰ ਵਿਚ ਪੂਰਾ ਇਸ਼ਨਾਨ ਕਰਦੇ ਹਨ, ਉਨ੍ਹਾਂ ਦੀ ਸੁਰਤੀ ਬਿਰਤੀ ਨੂੰ ਇਸ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਹਰਿਆ ਭਰਿਆ ਕਰਦੇ ਹਨ।

ਅਸ਼ਰਧਕਾਂ ਤੇ ਕਿੰਤੂ-ਪ੍ਰੰਤੂ ਕਰਨ ਵਾਲਿਆਂ ਦੇ ਮਨਾਂ 'ਤੇ ਨਾ ਬਾਣੀ ਦੀ ਪਾਰਸ-ਕਲਾ ਵਰਤ ਸਕਦੀ ਹੈ, ਨਾ ਹੀ ਅੰਮ੍ਰਿਤ-ਜਲ ਦੇ ਇਸ਼ਨਾਨ ਪ੍ਰਮਾਰਥੀ ਰੰਗਣ ਬਖ਼ਸ਼ ਸਕਦੇ ਹਨ। ਜਿਹੜੇ ਚਾਤੁਰ ਮਨੁੱਖ ਮਨ ਦੀਆਂ ਸਹਸ ਸਿਆਣਪਾਂ ਦੇ ਮਗਰ ਲਗ ਕੇ ਉਕਤੀਆਂ ਯੁਕਤੀਆਂ ਵਿਚ ਫਸੇ ਰਹਿੰਦੇ ਹਨ ਅਤੇ ਢੂਚਰਾਂ ਭੇੜਦੇ ਰਹਿੰਦੇ ਹਨ, ਉਹ ਮਨ ਦੇ ਮੁਰੀਦ ਪ੍ਰਮਾਰਥਕ ਕਲਾ ਦੇ ਕਿਵੇਂ ਭਾਗੀ ਹੋ ਸਕਦੇ ਹਨ ! ਉਨ੍ਹਾਂ ਦੀ ਨਿਗਾਹ ਵਿਚ ਆਮ ਹਿੰਦੂ-ਤੀਰਥ ਅਤੇ ਇਹ ਅੰਮ੍ਰਿਤ-ਬਾਣੀ ਨਾਲ ਸਰਸ਼ਾਦ ਹੋਇਆ ਹੋਇਆ ਅੰਮ੍ਰਿਤ-ਸਰੋਵਰ ਇਕ ਬਰਾਬਰ ਹੀ ਹਨ। ਉਨ੍ਹਾਂ ਨੂੰ ਅੰਮ੍ਰਿਤ-ਸਰੋਵਰ ਦੀ ਅੰਮ੍ਰਿਤ ਕਲਾ ਦੀ ਸਾਰ ਹੀ ਨਹੀਂ। ਉਹ ਸਾਇੰਸ-ਵਿਦਿਆ ਦੇ ਚੁੰਧਿਆਏ ਹੋਏ ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਨੂੰ ਕੇਵਲ ਸਰੀਰਕ ਸਫ਼ਾਈ ਤਕ ਹੀ ਸੀਮਤ ਰਖਦੇ ਹਨ, ਉਨ੍ਹਾਂ ਦੀ ਸਮਝ ਵਿਚ ਇਹ ਗੱਲ ਆ ਹੀ ਨਹੀਂ ਸਕਦੀ ਕਿ ਅੰਮ੍ਰਿਤ-ਸਰੋਵਰ ਵਿਚ ਸ਼ਰਧਾ-ਭਾਵਨੀ ਨਾਲ ਇਸ਼ਨਾਨ ਕਰਨ ਨਾਲ ਜਿਥੇ ਮਨ ਹਰਿਆ ਹੁੰਦਾ ਹੈ ਉਥੇ ਤਨ ਵੀ ਹਰਾ ਹੁੰਦਾ ਹੈ।

ਹੁਣ ਤਾਂ ਸਾਇੰਸ-ਵਿਦਿਆ ਨਾਲ ਵੀ ਇਹ ਸਾਬਤ ਕੀਤਾ ਜਾ ਚੁਕਾ ਹੈ ਕਿ ਸਾਡੇ ਬੋਲਾਂ ਦੀਆਂ ਲਹਿਰਾਂ ਜਲ ਵਿਚ ਭੀ ਪਰਵੇਸ਼ ਕਰਦੀਆਂ ਹਨ ਅਤੇ ਉਹ ਲਹਿਰਾਂ ਚੁਗਿਰਦੇ ਨੂੰ ਹੁਲਾਰਾ ਦੇ ਜਾਂਦੀਆਂ ਹਨ। ਇਸ ਤੱਥ ਨੂੰ ਪ੍ਰੋਫੈਸਰ ਸਾਹਿਬ ਸਿੰਘ ਜੀ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ ਵਿਚ ਇਉਂ ਪ੍ਰਗਟਾਉਂਦੇ ਹਨ–

"ਸ੍ਰਿਸ਼ਟੀ ਰਚਨਾ ਦੇ ਮੂਲ ਪੰਜ ਤੱਤਾਂ ਵਿਚੋਂ ਇਕ ਤੱਤ ਅਕਾਸ਼ (ਈਥਰ) ਹੈ। ਇਹ ਤੱਤ ਸਰਬ-ਵਿਆਪਕ ਹੈ, ਸ੍ਰਿਸ਼ਟੀ ਦੇ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ। ਗਿਆਨ-ਇੰਦ੍ਰੀਆਂ ਦੀ ਵੇਖਣ ਸੁਣਨ ਆਦਿਕ ਕ੍ਰਿਆ ਇਸੇ ਤੱਤ ਦੀ ਰਾਹੀਂ ਹੋ ਸਕਦੀ ਹੈ। ਈਥਰ (ਅਕਾਸ਼) ਮਾਨੋ, ਇਕ ਬੇਅੰਤ ਸਮੁੰਦਰ ਹੈ, ਜਿਸ ਵਿਚ ਸਾਰੀ ਸ੍ਰਿਸ਼ਟੀ ਸਮਾਈ ਹੋਈ ਹੈ, ਅਤੇ ਈਥਰ ਸਾਰੀ ਸ੍ਰਿਸ਼ਟੀ ਦੇ ਕਿਣਕੇ ਕਿਣਕੇ ਵਿਚ ਸਮਾਇਆ ਹੋਇਆ ਹੈ। ਪਾਣੀ ਦੇ ਸਰ ਵਿਚ ਢੇਮ ਮਾਰਿਆਂ ਪਾਣੀ ਵਿਚ ਲਹਿਰਾਂ ਉਠਦੀਆਂ ਹਨ ਅਤੇ ਚੁਫੇਰੇ ਖਿਲਰਦੀਆਂ ਜਾਂਦੀਆਂ ਹਨ ਤਿਵੇਂ ਹੀ ਜਦੋਂ ਅਸੀਂ ਬੋਲਦੇ ਹਾਂ ਅਸੀਂ ਈਥਰ (ਅਕਾਸ਼) ਵਿਚ ਲਹਿਰਾਂ ਚਲਾ ਦੇਂਦੇ ਹਾਂ। ਉਹ ਲਹਿਰਾਂ ਚੁਫੇਰੇ ਖਿਲਰਦੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਲਹਿਰਾਂ ਦੀ ਰਾਹੀਂ ਅਵਾਜ਼ ਚੁਫੇਰੇ ਅਪੜਦੀ ਹੈ। ਇਹ ਅਕਾਸ਼ ਜਿਹੋ ਮਿੱਟੀ ਦੇ ਜ਼ੱਰੇ ਜ਼ੱਰੇ ਵਿਚ ਵਿਆਪਕ ਹੈ ਉਥੇ ਜਲ ਦੇ ਜ਼ੱਰੇ ਜ਼ੱਰੇ ਵਿਚ ਵੀ ਵਿਆਪਕ ਹੈ। ਬੋਲਣ ਦੀ ਰਾਹੀਂ ਚਲਾਈਆਂ ਹੋਈਆਂ ਲਹਿਰਾਂ ਚੁਫੇਰੇ ਨਿੱਗਰ ਚੀਜ਼ਾਂ ਵਿਚ ਵੀ ਜਾ ਹੁਲਾਰਾ ਦੇਂਦੀਆਂ ਹਨ ਅਤੇ ਜਲ ਵਿਚ ਭੀ।

ਸ੍ਰੀ ਹਰਿਮੰਦਰ ਸਾਹਿਬ ਵਿਚ ਅੱਠੇ ਪਹਿਰ ਕੀਰਤਨ ਹੁੰਦਾ ਹੈ, ਪਰਮਾਤਮਾ ਦੀ ਸਿਫਤ-ਸਲਾਹ ਹੁੰਦੀ ਹੈ। ਈਥਰ (ਅਕਾਸ਼) ਦੀ ਰਾਹੀਂ ਸਿਫਤ-ਸਲਾਹ ਦੀਆਂ ਲਹਿਰਾਂ ਚੁਫੇਰੇ ਕੰਧਾਂ ਕੋਠੀਆਂ ਅਤੇ ਜਲ ਦੇ ਜ਼ੱਰੇ ਜ਼ੱਰੇ ਵਿਚ ਕੰਬਣੀ ਛੇੜਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਕੁਦਰਤ ਦੇ ਇਕ ਲੁਕਵੇਂ ਨਿਯਮ ਦੀ ਬਰਕਤ ਨਾਲ ਸ੍ਰੀ ਹਰਿਮੰਦਰ ਸਾਹਿਬ ਅਤੇ ਉਸ ਦਾ ਚੁਗਿਰਦਾ ਹਰ ਵੇਲੇ ਸਿਫਤ ਸਲਾਹ ਦੀਆਂ ਲਹਿਰਾਂ ਦੇ ਛੱਟਿਆਂ ਨਾਲ, ਮਾਨੋ, ਧੁਪਦਾ ਰਹਿੰਦਾ ਹੈ। ਇਹ ਲਹਿਰਾਂ ਸਰੋਵਰ ਦੇ ਜਲ ਦੇ ਕਿਣਕੇ ਕਿਣਕੇ ਨੂੰ ਬਾਣੀ ਦੀ ਵਰਖਾ ਨਾਲ ਅੰਮ੍ਰਿਤ ਬਣਾਈ ਜਾਂਦੀਆਂ ਹਨ। ਕੁਦਰਤ ਦਾ ਇਹ ਭੇਦ ਸਾਇੰਸ ਦੇ ਖੋਜੀਆਂ ਨੇ ਲੱਭ ਲਿਆ ਹੈ।"


www.AKJ.Org

ਅੰਮ੍ਰਿਤ-ਸਰੋਵਰ ਵਿਚ ਅੰਮ੍ਰਿਤ-ਜਲ ਦੀ ਪਾਰਸ-ਕਲਾ ਵਰਤੀ ਹੋਣ ਕਰਕੇ, ਇਹ ਜਲ ਤਨ ਨੂੰ ਅਤੇ ਮਨ ਨੂੰ ਅਰੋਗ ਕਰਨ ਦੇ ਸਮਰੱਥ ਹੈ। ਸੋ ਜੋ ਸ਼ਰਧਾ-ਭਾਵਨੀ ਸਹਿਤ ਇਥੇ ਪੁੱਜਦੇ ਤੇ ਇਸ਼ਨਾਨ ਕਰਦੇ ਹਨ, ਉਨ੍ਹਾਂ ਦੀਆਂ ਮਨ-ਇਛਤ ਕਾਮਨਾਂ ਪੂਰੀਆਂ ਹੁੰਦੀਆਂ ਹਨ। ਉਨ੍ਹਾਂ ਦੇ ਰੋਗਾਂ ਨਾਲ ਗ੍ਰਸੇ ਹੋਏ ਸਰੀਰ ਅੰਮ੍ਰਿਤ-ਜਲ ਦੀ ਅੰਮ੍ਰਿਤ-ਕਲਾ ਸਦਕਾ ਅਰੋਗ ਹੋ ਜਾਂਦੇ ਹਨ। ਅਸਾਂ 'ਸੂਰਾ' ਨਵੰਬਰ ੧੯੭੪ ਵਿਚ ਇਕ ਬਹਾਦਰ ਤੇ ਪਰਉਪਕਾਰੀ ਉਮਰ-ਕੈਦੀ ਦੀ ਸੱਚੀ ਸ਼ਰਧਾ ਭਰੀ ਸਾਰੀ ਵਾਰਤਾ ਦਿਤੀ ਸੀ ਕਿ ਕਿਵੇਂ ਉਹ ੯ ਅਕਤੂਬਰ ੧੯੭੪ ਨੂੰ ਦੁਖ-ਭੰਜਨੀ ਦੇ ਅਸਥਾਨ ਤੇ ਇਸ਼ਨਾਨ ਕਰਨ ਨਾਲ ਹਰਿਆ ਭਰਿਆ ਹੋ ਗਿਆ ਸੀ ਅਤੇ ਕਿਥੇ ਤਾਂ ਉਹ ਲੱਤਾਂ ਜੁੜ ਜਾਣ ਕਰਕੇ ਤੁਰਨ ਫਿਰਨ ਤੋਂ ਅਸਮਰੱਥ ਸੀ ਤੇ ਹਿਲਜੁਲ ਤਕ ਨਹੀਂ ਸਕਦਾ ਸੀ ਅਤੇ ਕਿਥੇ ਇਸ਼ਨਾਨ ਕਰਨ ਪਿਛੋਂ ਉਹ ਆਪ ਤੁਰ ਕੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਵਿਚ ਪੁਜਾ ਅਤੇ ਗੁਰੂ-ਚਰਨਾਂ ਦੀ ਧੂੜ ਮੱਥੇ 'ਤੇ ਲਾਈ।

ਇਕ ਹੋਰ ਵਾਰਤਾ ਅਠ ਦਸ ਸਾਲ ਪਹਿਲੋਂ ਦੀ ਹੈ ਕਿ ਇਕ ਅਧਖੜ-ਉਮਰ ਬੀਬੀ ਦੀਆਂ ਅੱਖਾਂ ਦੀ ਨਜ਼ਰ ਜਾਂਦੀ ਰਹੀ। ਉਹ ਨਿਸਚਾ ਧਾਰ ਕੇ ਗੁਰੂ-ਦਰਬਾਰ ਵਿਚ ਜੋਦੜੀਆਂ ਵਿਚ ਆ ਜੁੜੀ ਅਤੇ ਦੁਖ ਭੰਜਨੀ ਬੇਰੀ ਪਾਸੇ ਅੰਮ੍ਰਿਤ-ਸਰੋਵਰ ਵਿਚ ਚੁਭੇ ਲਾ ਕੇ, ਗੁਰੂ ਰਾਮਦਾਸ ਦੇ ਦਰ ਤੋਂ ਅੱਖਾਂ ਦੀ ਜੋਤ ਮੁੜ ਪ੍ਰਾਪਤ ਕੀਤੀ। ਇਸ ਬਖ਼ਸ਼ਸ਼ ਕਰਕੇ ਉਹ ਕਈ ਕਈ ਦਿਨ ਸਰੋਵਰ ਦੀਆਂ ਪ੍ਰਕਰਮਾਂ ਵਿਚ ਸੇਵਾ ਕਰਦੀ ਸ਼ੁਕਰ ਮਨਾਂਦੀ ਵੇਖੀ ਜਾਂਦੀ ਰਹੀ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਜੰਮੂ ਦੀ ਇਕ ਬੀਬੀ ਦੀ ਦਸੀ ਗਈ ਹੈ। ਉਸ ਬੀਬੀ ਦੇ ਪੈਰਾਂ ਵਿਚੋਂ ਸੂਈਆਂ ਨਿਕਲਦੀਆਂ ਸਨ। ਬੜੇ ਇਲਾਜ ਕਰਾਏ ਗਏ, ਪਰ ਕਿਤੋਂ ਵੀ ਇਸ ਦੁਖਦਾਈ ਰੋਗ ਤੋਂ ਛੁਟਕਾਰਾ ਨਾ ਮਿਲ ਸਕਿਆ। ਅੰਤ ਉਸ ਦੇ ਮਾਪਿਆਂ ਨੇ ਸਲਾਹ ਦਿਤੀ ਕਿ ਸ੍ਰੀ ਅੰਮ੍ਰਿਤਸਰ ਦੁਖ ਭੰਜਨੀ ਸਰੋਵਰ ਦੇ ਇਸ਼ਨਾਨ ਕਰ, ਗੁਰੂ-ਦਰ ਦੀ ਓਟ ਲੈ, ਓਥੋਂ ਹੀ ਤੇਰਾ ਇਹ ਦੀਰਘ ਰੋਗ ਕਟਿਆ ਜਾਣਾ ਹੈ। ਕਹਿੰਦੇ ਹਨ ਕਿ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਨਾਲ ਉਹ ਰਾਜ਼ੀ ਬਾਜ਼ੀ ਹੋ ਗਈ।

ਇਹੋ ਜਿਹੀ ਹੀ ਇਕ ਘਟਨਾ ਪਾਕਿਸਤਾਨ ਬਣਨ ਤੋਂ ਪਹਿਲੋਂ ਦੀ ਇਕ ਮੁਸਲਮਾਨ ਪ੍ਰੇਮੀ ਦੀ ਸੁਣੀ ਗਈ ਹੈ। ਉਸ ਦੇ ਪੈਰ ਦੇ ਅੰਗੂਠੇ ਵਿਚ ਕੋੜ੍ਹ ਸੀ, ਜੋ ਕਿਸੇ ਇਲਾਜ ਨਾਲ ਵੀ ਰਾਜ਼ੀ ਨਹੀਂ ਸੀ ਹੁੰਦਾ। ਅੰਤ ਉਹ ਸ਼ਰਧਾ ਧਾਰ ਕੇ ਕਈ ਦਿਨ ਹਨੇਰੇ ਸਵੇਰੇ ਆ ਕੇ ਸਰੋਵਰ ਵਿਚ ਚੁਭਾ ਲਾ ਜਾਂਦਾ ਰਿਹਾ, ਜਿਸ ਨਾਲ ਉਸ ਦਾ ਕੋੜ੍ਹ ਜਾਂਦਾ ਰਿਹਾ।

ਦੁਖ ਭੰਜਨੀ ਅੰਮ੍ਰਿਤ-ਸਰੋਵਰ ਦੀਆਂ ਅਜਿਹੀਆਂ ਕਈ ਹਡੀਂ ਵਾਪਰੀਆਂ ਵਾਰਤਾਂ ਹਨ, ਜਿਨ੍ਹਾਂ ਵਿਚ ਅਨੇਕਾਂ ਪ੍ਰਾਣੀਆਂ ਦੇ ਰੋਗ, ਇਸ ਅੰਮ੍ਰਿਤ-ਬਾਣੀ ਨਾਲ ਸਰਸ਼ਾਰ ਹੋਏ ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕਰਨ ਨਾਲ ਕਟੇ ਗਏ ਹਨ।

ਸਾਰ-ਸਿੱਟਾ ਪ੍ਰਗਟ ਪਹਾਰੇ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ-ਸਰੋਵਰ ਸ਼ਰਧਾਵਾਨ ਪ੍ਰੇਮੀਆਂ ਲਈ ਤਨ ਮਨ ਨੂੰ ਹਰਿਆਂ ਕਰਨ ਵਾਲੇ ਹਨ। ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸੁਰਤੀ ਬਿਰਤੀ ਵਿਚ ਪ੍ਰਮਾਰਥ ਚਾਉ ਉਪਜਦਾ ਹੈ ਅਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਰਵੇਸ਼ ਕਰਨ ਨਾਲ ਅੰਮ੍ਰਿਤ ਬਾਣੀ ਦੀ ਸਰੋਤ ਜਗਿਆਸੂ ਨੂੰ ਅੰਮ੍ਰਿਤ ਰਸਾਇਣੀ ਪਰਮ ਅਨੰਦ ਬਖ਼ਸ਼ਣਹਾਰੀ ਹੋ ਜਾਂਦੀ ਹੈ।

ਅੰਮ੍ਰਿਤ-ਸਰੋਵਰ ਦੀ ਇਸੇ ਪਾਰਸ-ਕਲਾ ਕਰਕੇ ਹੀ ਖ਼ਾਲਸਾ ਜੀ ਦੀ ਨਿਤ ਦੀ ਅਰਦਾਸ ਦੇ ਅੰਤਲੇ ਹਿਸੇ ਵਿਚ ਜਿਥੇ (ਸਿੱਖਾਂ ਨੂੰ) ਦਾਨਾਂ ਸਿਰ ਦਾਨ ਨਾਮ ਦਾਨ' ਦੀ ਜਾਚਨਾ ਕੀਤੀ ਹੋਈ ਹੈ ਉਥੇ ਨਾਲ ਹੀ ਇਹ ਮੰਗ ਵੀ ਮੰਗੀ ਹੋਈ ਹੈ–

(ਸਿੱਖਾਂ ਨੂੰ) 'ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ'।



www.AKJ.Org

# ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ

[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿਲੀ]

ਜੇਕਰ ਸਿੱਖ ਇਤਿਹਾਸ ਦੀ ਫਿਲਮ ਤੱਕੀਏ, ਵਰਕੇ ਖ਼ੂਨ ਦੀ ਸਿਆਹੀ ਨਾਲ ਭਰੇ ਦਿੱਸਦੇ।
ਨਜ਼ਰ ਆਂਵਦੀ ਖੋਪਰੀ ਲਹੇ ਪੁੱਠੀ, ਆਰੇ ਸਿੰਘਾਂ ਦੇ ਸੀਸ ਤੇ ਧਰੇ ਦਿਸਦੇ।
ਸਿੱਖੀ ਮਹਿਲ ਦੀ ਨੀਂਵ ਮਜ਼ਬੂਤ ਕਰਦੇ, ਸਾਹਿਬਜ਼ਾਦੇ ਦੋ ਕੰਧ ਵਿਚ ਖੜੇ ਦਿੱਸਦੇ।
ਸੱਚੇ ਪ੍ਰੇਮ ਦੀ ਗਲੀ ਵਿਚ ਦੀਪ ਸਿੰਘ ਜੀ, ਬਿਨਾਂ ਸੀਸ ਤੋਂ ਜਾਂਵਦੇ ਲੜੇ ਦਿੱਸਦੇ।
ਅੰਮ੍ਰਿਤ-ਜਾਮ ਦੇ ਨਸ਼ੇ ਵਿਚ ਮਸਤ ਹੋ ਕੇ, ਜਾਨਾਂ ਵਾਰੀਆਂ ਜਿਨ੍ਹਾਂ ਅਣਮੋਲੀਆਂ ਵੇ।
ਕੱਚੇ ਰੰਗ ਨਾਲ ਦੱਸ ਕਿੰਜ ਖੇਡ ਸਕੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਗਜ਼ਨੀ ਟੱਕੇ ਦੇ ਭਾਅ ਜਦ ਵਿਕਦੀਆਂ ਸਨ, ਭਾਰਤ-ਮਾਤਾ ਦੀਆਂ ਬੱਚੀਆਂ ਭੋਲੀਆਂ ਵੇ।
ਘਰ ਪਹੁੰਚਣ ਤੋਂ ਪਹਿਲਾਂ ਦਬੋਚ ਲੈਂਦੇ, ਜ਼ਾਲਮ ਸੱਜ-ਵਿਆਹੀਆਂ ਦੀਆਂ ਡੋਲੀਆਂ ਵੇ।
ਓਸ ਸਮੇਂ ਵੀ ਇਹੋ ਹੀ ਖੇਡ ਚੱਲਦੀ, ਟੁਰਦੇ ਰਾਹੀ ਨ ਛੱਡੇ ਹਮਜੋਲੀਆਂ ਵੇ।
ਨੱਕ ਹੁੰਦਿਆਂ ਰੰਗੋਂ ਬੇਰੰਗ ਹੋ ਕੇ, ਕਿਵੇਂ ਹੱਸੇ ਤੇ ਖੇਡੀਆਂ ਹੋਲੀਆਂ ਵੇ।
ਰੰਗੇ ਕੱਪੜੇ ਦੂਰੋਂ ਤਾਂ ਇੰਜ, ਦਿੱਸਣ 'ਜੇ. ਬੀ. ਮੰਘਾ ਰਾਮ'* ਦੀਆਂ ਗੋਲੀਆਂ ਵੇ।
ਬਾਜ਼ੀ ਸਿਰਾਂ ਦੀ ਅਣਖ ਤੇ ਲਾਉਣ ਵਾਲਾ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ?

ਹੋਲੀ ਖੇਡਦਾ ਬੁੱਧੂ ਸ਼ਾਹ ਪੀਰ ਤੱਕੋ, ਸਦਕੇ ਜਾਂਵਦਾ ਪੁੱਤਰ ਕੁਰਬਾਨ ਕਰ ਕੇ।
ਕਲਗੀ ਵਾਲੜਾ ਸਮਾਂ ਉਡੀਕਦਾ ਸੀ, ਧਰਤੀ ਰੰਗਾਂਗਾ ਪੁੱਤਰ ਜਵਾਨ ਕਰ ਕੇ।
ਡਿੱਠਾ ਮਹਾਂ ਸਿੰਘ ਖ਼ੂਨ ਨਾਲ ਖੇਡਦਾ ਮੈਂ, ਖਿੜੇ ਮੱਥੇ ਫਿਟਕਾਰਾਂ ਪਰਵਾਨ ਕਰ ਕੇ।
ਅਣਖੀ ਖ਼ੂਨ ਨੇ ਜੂਝ ਕੇ ਜੰਗ ਕੀਤੀ, ਟੁੱਟੀ ਗੰਢ ਲਈ ਪ੍ਰੀਤਮ ਦਾ ਧਿਆਨ ਧਰ ਕੇ।
ਨਨਕਾਣਾ ਤੇ ਜੈਤੋਂ ਗਵਾਹ ਸਾਡੇ, ਸਿੰਘਾਂ ਛਾਤੀ ਚਿ ਖਾਧੀਆਂ ਗੋਲੀਆਂ ਵੇ।
ਬੰਨ੍ਹ ਕੇ ਕਫਨ ਬਸੰਤੀ ਦਸਤਾਰ ਉੱਤੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਕੀਤੀ ਘੱਟ ਨਹੀਂ ਸਾਡੀਆਂ ਬੀਬੀਆਂ ਨੇ, ਜੇਸ ਢੰਗ ਨਾਲ ਖੇਡੀਆਂ ਹੋਲੀਆਂ ਵੇ।
ਟੋਟੇ ਟੋਟੇ ਕਰਵਾ ਕੇ ਬੱਚਿਆਂ ਦੇ, ਭਰੀਆਂ ਹੱਸ ਕੇ ਆਪਣੀਆਂ ਝੋਲੀਆਂ ਵੇ।
ਥਾਵੇਂ ਮਹਿੰਦੀ ਦੇ ਲਹੂ ਨਾਲ ਹੱਥ ਰੰਗੇ, 'ਹਾਏ' 'ਸੀ' ਨਾ ਮੁੱਖ ਤੋਂ ਬੋਲੀਆਂ ਵੇ।
ਦੇਖ ਲਵੋ ਕਰਤਾਰ ਨੇ ਕਿੱਸ ਤੁੱਕੜੀ, ਕੁਰਬਾਨੀਆਂ ਇਨ੍ਹਾਂ ਦੀਆਂ ਤੋਲੀਆਂ ਵੇ।
ਹਰ ਕੋਈ ਸਮਝਦਾ ਮੁਗ਼ਲ ਸਮਰਾਜ ਦੀਆਂ, ਗੰਢਾਂ ਪੀਚੀਆਂ ਇਨ੍ਹਾਂ ਨੇ ਖੋਲ੍ਹੀਆਂ ਵੇ।
ਖ਼ੂਨ ਜਿਨ੍ਹਾਂ ਦਾ ਡੁਲ੍ਹਿਆ ਪੁਕਾਰਦਾ ਏ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਸੀਸ ਵੇਚ ਕੇ ਹੋਈਆਂ ਨਸੀਬ ਸਾਨੂੰ, ਕਲਗੀਧਰ ਦੀਆਂ ਬਖ਼ਸ਼ੀਆਂ ਦਾੜ੍ਹੀਆਂ ਵੇ।
ਪਿਆਰੇ ਖਾਲਸਾ ਕਦੇ ਅਮਾਨਤਾਂ ਨਹੀਂ, ਖ਼ੁਦਦਾਰ ਨੇ ਕਦੇ ਵਿਗਾੜੀਆਂ ਵੇ।
ਅਦਬ ਕਾਹਦਾ ਫਿਰ ਕੇਸਾਂ ਤੇ ਪਗੜੀਆਂ ਦਾ? ਸੁੱਟੇ ਰੰਗ ਤੇ ਲਾਇ ਕੋਈ ਤਾੜੀਆਂ ਵੇ।
ਗੁਰਮੁਖ ਪਿਆਰੇ ਨੂੰ ਸ਼ੋਭਾ ਇਹ ਦੇਂਵਦਾ ਨਹੀਂ, ਨਾਮ ਜਪੇ ਜਿਹਦੇ ਰੋਮ ਤੇ ਨਾੜੀਆਂ ਵੇ।
ਪੱਕੇ ਰੰਗ ਨਾਲ ਕਾਇਆਂ ਜਿਸ ਰੰਗ ਲਈ ਏ, ਉਹਦੇ ਦਰਸ਼ਨ ਤੋਂ ਜਾਵਾਂ ਮੈਂ ਘੋਲੀਆਂ ਵੇ।
ਸਾਰੇ ਰੰਗ ਨਾ ਖੇਡ ਪ੍ਰਸੰਨ ਹੁੰਦੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

*J.B. Manga Ram



www.AKJ.Org

# ਇਸੁ ਮਨ ਕਉ ਕੋਈ ਖੋਜਹੁ ਭਾਈ

[ਸੂਬੇਦਾਰ ਧਰਮ ਸਿੰਘ ਜੀ, ਸੁਜੋਂ ਜ਼ਿਲਾ ਜਲੰਧਰ]

ਦਾਸ ਜਦੋਂ ਫੌਜ ਵਿਚ ਨੌਕਰੀ ਕਰਦਾ ਸੀ ਤਾਂ ਸੰਨ ੧੯੫੪ ਵਿਚ ਆਰਮੀ ਸਕੂਲ ਆਫ਼ ਐਜੂਕੇਸ਼ਨ ਵਿਚ ਇੰਗਲਿਸ਼ ਇੰਸਟ੍ਰਕਟਰ ਕੋਰਸ ਕਰਨ ਲਈ ਪਚਮੜ੍ਹੀ ਗਿਆ। ਉਸ ਵਕਤ ਇਹ ਸਕੂਲ ਗੋਰਿਆਂ (ਅੰਗਰੇਜ਼ਾਂ) ਦੀਆਂ ਬੈਰਕਾਂ ਵਿਚ ਸਥਾਪਤ ਸੀ। ਜਿਸ ਬੈਠਕ ਵਿਚ ਸਾਡੀ ਕਲਾਸ ਪੜ੍ਹਿਆ ਕਰਦੀ ਸੀ ਉਸ ਦੇ ਬਾਹਰ ਬਾਈਬਲ ਦੇ ਇਹ ਲਫ਼ਜ਼ ਮੋਟੇ ਅਖਰਾਂ ਵਿਚ ਲਿਖੇ ਹੋਏ ਸਨ—"Price of liberty is eternal vigilance." ਭਾਵ, 'ਮੋਕਸ਼ ਦੀ ਕੀਮਤ ਸਦੀਵੀ ਜਾਗਰਤ ਹੈ।' ਦੇਖਣ ਨੂੰ ਇਹ ਛੇ ਲਫ਼ਜ਼ਾਂ ਦਾ ਇਕ ਸਾਧਾਰਨ ਜਿਹਾ ਫ਼ਿਕਰਾ ਹੈ, ਪਰ ਇਸ ਸਾਧਾਰਨ ਜਿਹੇ ਫ਼ਿਕਰੇ ਵਿਚ ਇਕ ਮਹਾਨ ਸਚਾਈ ਛੁਪੀ ਹੋਈ ਹੈ—ਓਹ ਇਹ ਕਿ ਜੇ ਅਸੀਂ ਮੋਕਸ਼ ਜਾਂ ਅਕਾਲ ਪੁਰਖ ਦਾ ਮਿਲਾਪ ਹਾਸਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਮਨ ਵਿਚੋਂ ਉਠਣ ਵਾਲੇ ਖ਼ਿਆਲਾਤ ਜਾਂ ਵਿਚਾਰਾਂ ਤੇ ਹਰ ਵਕਤ ਲਗਾਤਾਰ ਨਜ਼ਰ ਰਖਣੀ ਪਏਗੀ, ਤਾਂ ਜੁ ਕੋਈ ਮੰਦੇ ਵਿਚਾਰ ਨਾ ਉਤਪੰਨ ਹੋਣ। ਮੰਦੇ ਵਿਚਾਰ ਸਭ ਤੋਂ ਮੰਦੇ ਕਰਮ ਕਰਵਾ ਕੇ, ਸਾਡੇ ਜੀਵਨ ਨੂੰ ਮੰਦਾ ਬਣਾ ਸਕਦੇ ਹਨ। ਜੇ ਅਸਾਂ ਆਪਣੇ ਅੰਦਰ ਪੈਦਾ ਹੋਣ ਵਾਲੇ ਵਿਚਾਰਾਂ ਤੇ ਪਹਿਰਾ ਨਾ ਦਿਤਾ ਤਾਂ ਸਾਡੀ ਹਾਲਤ ਉਸ ਬੇਲਗਾਮ ਘੋੜੇ ਵਾਲੀ ਹੋ ਜਾਵੇਗੀ ਜਿਹੜਾ ਸਾਡੀ ਜੀਵਨ-ਗੱਡੀ ਨੂੰ ਕਿਸੀ ਐਸੇ ਖੂਹ ਖਾਤੇ ਵਿਚ ਲਿਜਾ ਸੁਟੇਗਾ ਜਿਥੋਂ ਬਾਹਰ ਨਿਕਲਣਾ ਸ਼ਾਇਦ ਸਾਡੇ ਲਈ ਸੌਖਾ ਨਾ ਹੋਵੇ।

ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਲਿਖਦੇ ਹਨ ਕਿ "ਅਸੀਂ ਆਪ ਹੀ ਆਪਣੇ ਦੋਸਤ ਤੇ ਅਸੀਂ ਆਪ ਹੀ ਆਪਣੇ ਦੁਸ਼ਮਨ ਹਾਂ।" ਇਸ ਨੂੰ ਹੋਰ ਸਪੱਸ਼ਟ ਕਰਦੇ ਹੋਏ ਲਿਖਦੇ ਹਨ ਕਿ ਜੇ ਅਸੀਂ ਆਪਣੇ ਮਨ ਵਿਚੋਂ ਉਤਪੰਨ ਹੋਣ ਵਾਲੇ ਵਿਚਾਰਾਂ ਦਾ ਖ਼ਿਆਲ ਨਾ ਰਖਾਂਗੇ ਤਾਂ ਸਾਡੀ ਹਾਲਤ ਉਸ ਬੇੜੀ ਵਰਗੀ ਹੋਵੇਗੀ ਜਿਸ ਦਾ ਕੋਈ ਮਲਾਹ ਨਾ ਹੋਵੇ। ਜਿਸ ਬੇੜੀ ਦਾ ਕੋਈ ਨਿਸ਼ਾਨਾ ਨਾ ਹੋਵੇ, ਉਹ ਹਵਾ ਦੇ ਥਪੇੜਿਆਂ ਨਾਲ ਕਦੇ ਇਧਰ ਤੇ ਕਦੇ ਉਧਰ ਡੋਲਦੀ ਫਿਰੇਗੀ। ਕੋਈ ਵਕਤ ਐਸਾ ਭੀ ਆ ਸਕਦਾ ਹੈ ਕਿ ਉਹ ਕਿਸੇ ਭੰਵਰ ਵਿਚ ਫਸ ਕੇ ਡੁਬ ਹੀ ਜਾਵੇ। ਇਹ ਹੀ ਹਾਲਤ ਸਾਡੇ ਮਨ ਦੀ ਹੈ। ਜੇ ਅਸੀਂ ਮਨ ਦੀਆਂ ਵਿਚਾਰਾਂ ਅਧੀਨ ਹੀ ਕਰਮ ਕਰਨ ਦੇ ਆਦੀ ਰਹੇ ਤਾਂ ਕਾਮ ਦੀ ਪ੍ਰੇਰਨਾ ਹੇਠ ਕਾਮੀ ਤੇ ਕਰੋਧ ਦੀ ਪ੍ਰੇਰਨਾ ਹੇਠ ਕਰੋਧੀ ਬਣ ਜਾਵਾਂਗੇ। ਇਸੀ ਤਰ੍ਹਾਂ ਹੀ ਲੋਭ, ਮੋਹ ਅਤੇ ਅਹੰਕਾਰ ਦਾ ਹਾਲ ਸਮਝ ਲਵੋ।

ਸ਼ੁਭ ਕਰਮ ਸਾਨੂੰ ਅਕਾਲ ਪੁਰਖ ਦੇ ਨੇੜੇ ਤੇ ਅਸ਼ੁਭ ਕਰਮ ਅਕਾਲ ਪੁਰਖ ਤੋਂ ਦੂਰ ਲੈ ਜਾਂਦੇ ਹਨ। ਜੇ ਜ਼ਿੰਦਗੀ ਦਾ ਨਿਸ਼ਾਨਾ ਅਕਾਲ ਪੁਰਖ ਦਾ ਮਿਲਾਪ ਹੈ ਤਾਂ ਹਮੇਸ਼ਾ ਹੀ ਸ਼ੁਭ ਕਰਮ ਕਰਨੇ ਜ਼ਰੂਰੀ ਹਨ। ਸ਼ੁਭ ਕਰਮ ਸ਼ੁਭ ਵਿਚਾਰਾਂ ਅਧੀਨ ਹੀ ਹੋ ਸਕਦੇ ਹਨ। ਸੋ ਹਰ ਵਕਤ ਸੁਚੇਤ ਰਹਿਣ ਦੀ ਲੋੜ ਹੈ, ਤਾਂ ਜੁ ਸਦਾ ਮਨ ਵਿਚ ਸ਼ੁਭ ਵਿਚਾਰ ਹੀ ਉਠਣ ਅਤੇ ਅਸ਼ੁਭ ਵਿਚਾਰਾਂ ਨੂੰ ਉਠਦਿਆਂ ਨੂੰ ਹੀ ਰੋਕ ਦਿਤਾ ਜਾਵੇ। ਸੋ ਹਰ ਵਕਤ ਮਨ ਨਾਲ ਹੀ ਝਗੜਾ ਤੇ ਮਨ ਨਾਲ ਹੀ ਮਿਟ-ਮਿਟਾਉ ਕਰਨੀ ਹੈ—

ਮਨ ਹੀ ਨਾਲਿ ਝਗੜਾ, ਮਨ ਹੀ ਨਾਲਿ ਸਥ, ਮਨ ਹੀ ਮੰਝਿ ਸਮਾਇ॥੧॥੧੨॥ (੮੭)

ਇਕ ਪੁਸਤਕ "In the Light of Upnishads" ਵਿਚ ਇਸ ਦਾ ਲੇਖਕ ਉਪਨਿਸ਼ਦਾਂ ਦੇ ਹਵਾਲੇ ਨਾਲ ਮਨ ਦੀ ਵਿਆਖਿਆ ਇਸ ਭਾਵ ਦੀ ਕਰਦਾ ਹੈ :-

ਇਹ ਮਨ ਖ਼ਿਆਲਾਂ ਨੂੰ ਪੈਦਾ ਕਰਨ ਤੇ ਇਨ੍ਹਾਂ ਦੇ ਬਿਆਨ ਕਰਨ ਦੀ ਇਕ ਮਸ਼ੀਨ ਹੈ। ਅਸਲ ਵਿਚ ਇਹ ਸ਼ਾਂਤ, ਪਾਰਦਰਸ਼ੀ ਤੇ ਅਕਸ-ਅੰਦਾਜ਼ (ਮੁੜ ਵਾਪਸ ਕਰਨ) ਦਾ ਔਜ਼ਾਰ ਹੈ, ਜਿਹੜਾ ਹਕੀਕਤਾਂ ਤੇ ਸ਼ੁਧ ਵਿਚਾਰਾਂ ਨੂੰ ਵਸੂਲ ਕੇ ਅਗੇ ਭੇਜਦਾ ਹੈ। ਮਨ ਇਨ੍ਹਾਂ ਹਕੀਕਤਾਂ ਅਥਵਾ ਖ਼ਿਆਲਾਂ ਨੂੰ ਵਿਚਾਰਾਂ ਦਾ ਰੂਪ ਦੇ ਕੇ ਅਤੇ ਆਪਣੀ ਰੰਗਤ ਵਿਚ ਰੰਗ ਕੇ ਫੇਰ ਅਗਾਂਹ ਤੋਰਦਾ ਹੈ।



www.AKJ.Org

ਮਨ ਦੀ ਇਸ ਸਾਰੀ ਕਾਰਵਾਈ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਕ ਦਫ਼ਤਰ ਦੇ ਕੰਮ-ਕਾਜ ਦੀ ਵਿਧੀ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ਼ ਕਰੀਏ। ਦਫ਼ਤਰ ਵਿਚ ਇਕ ਚਿੱਠੀ ਕਿਤੇ ਬਾਹਰੋਂ ਆਉਂਦੀ ਹੈ। ਕਲਰਕ ਉਸ ਚਿੱਠੀ ਨੂੰ ਪੜ੍ਹ ਕੇ, ਜੇ ਇਸ ਦੇ ਸੰਬੰਧ ਵਿਚ ਪਹਿਲਾਂ ਭੀ ਕੋਈ ਚਿੱਠੀ ਪੱਤਰ ਹੋਈ ਹੋਵੇ ਤਾਂ ਫ਼ਾਈਲ ਕੱਢ, ਸੰਬੰਧਤ ਚਿੱਠੀਆਂ ਤੇ ਨਿਸ਼ਾਨੀਆਂ ਰਖ, ਚਿੱਠੀ ਤੇ ਫ਼ਾਈਲ ਅਫ਼ਸਰ ਪਾਸ ਹੁਕਮ ਹਾਸਲ ਕਰਨ ਲਈ ਭੇਜ ਦਿੰਦਾ ਹੈ। ਹੁਸ਼ਿਆਰ ਕਲਰਕ ਚਿੱਠੀ ਅਫ਼ਸਰ ਅਗੇ ਰਖਣ ਵੇਲੇ ਆਪਣੇ ਵਲੋਂ ਭੀ ਸਲਾਹ ਮਸ਼ਵਰਾ ਦੇ ਦਿੰਦਾ ਹੈ। ਅਫ਼ਸਰ ਆਈ ਹੋਈ ਚਿੱਠੀ ਪੜ੍ਹਦਾ ਹੈ। ਲੋੜ ਹੋਵੇ ਤਾਂ ਨਿਸ਼ਾਨੀ ਲਗੀਆਂ ਹੋਰ ਸੰਬੰਧਤ ਚਿੱਠੀਆਂ ਨੂੰ ਭੀ ਘੋਖਦਾ ਹੈ ਤੇ ਕਲਰਕ ਵਲੋਂ ਦਿਤੀ ਰਾਏ ਨੂੰ ਭੀ ਧਿਆਨ ਵਿਚ ਰਖਦਾ ਹੈ। ਇਸ ਸਾਰੀ ਘੋਖ ਦੇ ਪਿਛੋਂ, ਅਫ਼ਸਰ ਜੋ ਮੁਨਾਸਿਬ ਸਮਝਦਾ ਹੈ, ਚਿੱਠੀ ਤੇ ਹੁਕਮ ਲਿਖ ਕੇ ਕਲਰਕ ਨੂੰ ਵਾਪਸ ਕਰ ਦਿੰਦਾ ਹੈ। ਕਲਰਕ, ਅਫਸਰ ਦੇ ਹੁਕਮ ਅਨੁਸਾਰ, ਸੰਬੰਧਤ ਕਰਮਚਾਰੀਆਂ ਨੂੰ ਖ਼ਬਰਦਾਰ ਕਰਕੇ, ਹੁਕਮ ਅਨੁਸਾਰ ਕੰਮ ਕਰਨ ਨੂੰ ਆਖਦਾ ਹੈ। ਕੰਮ ਪੂਰਾ ਹੋ ਜਾਂਦਾ ਹੈ ਤੇ ਕਲਰਕ ਚਿੱਠੀ ਨੂੰ ਫ਼ਾਈਲ ਕਰ ਦਿੰਦਾ ਹੈ।

ਇਸੀ ਤਰ੍ਹਾਂ ਹੀ ਸਾਡੀਆਂ ਗਿਆਨ-ਇੰਦਰੀਆਂ (ਅੱਖ, ਨੱਕ, ਕੰਨ, ਰਸਨਾ ਤੇ ਖਲ) ਬਾਹਰੋਂ ਜੋ ਭੀ ਖ਼ਬਰ ਹਾਸਲ ਕਰਦੀਆਂ ਹਨ, ਉਹ ਮਨ ਪਾਸ ਭੇਜ ਦਿੰਦੀਆਂ ਹਨ। ਮਨ ਇਸ ਖ਼ਬਰ ਨਾਲ ਸੰਬੰਧਤ ਹੋਰ ਸਮੱਗਰੀ ਆਪਣੇ ਚਿੱਤ (ਯਾਦਾਸ਼ਤ) ਵਿਚੋਂ ਹਾਸਲ ਕਰ ਕੇ, ਆਪਣੀ ਰੰਗਤ ਦੇ ਕੇ, ਭਾਵ, ਆਪਣੇ ਹਾਵ-ਭਾਵ ਸ਼ਾਮਲ ਕਰਕੇ ਬੁੱਧੀ ਪਾਸ ਨਿਰਣੇ ਲਈ ਭੇਜਦਾ ਹੈ। ਬੁੱਧੀ, ਇੰਦਰੀਆਂ ਤੋਂ ਮਿਲੀ ਖ਼ਬਰ, ਚਿੱਤ ਤੋਂ ਮਿਲੀ ਸਮੱਗਰੀ ਤੇ ਮਨ ਤੋਂ ਮਿਲੇ ਹਾਵ-ਭਾਵ ਨੂੰ ਮੁੱਖ ਰਖ ਕੇ, ਜੋ ਵੀ ਕਾਰਵਾਈ ਕਰਨੀ ਮੁਨਾਸਬ ਹੁੰਦੀ ਹੈ, ਉਸ ਦਾ ਹੁਕਮ ਦੇ ਕੇ ਵਾਪਸ ਮਨ ਪਾਸ ਭੇਜ ਦਿੰਦੀ ਹੈ। ਮਨ ਸੰਬੰਧਤ ਇੰਦਰੀਆਂ ਤੋਂ ਉਹ ਕੰਮ ਕਰਵਾਉਂਦਾ ਹੈ। ਕਰਮ ਪੂਰਾ ਹੋਣ ਤੇ ਇਸ ਦਾ ਇਕ ਅਕਸ ਜਾਂ ਸੰਸਕਾਰ ਚਿੱਤ ਵਿਚ ਰੀਕਾਰਡ ਕਰ ਦਿੰਦਾ ਹੈ, ਜਿਹੜਾ ਪਿਛੋਂ 'ਯਾਦ-ਸ਼ਕਤੀ' ਦਾ ਕੰਮ ਦਿੰਦਾ ਹੈ।

ਇਸ ਨੂੰ ਹੋਰ ਸਮਝਣ ਲਈ ਐਉਂ ਸਮਝ ਲਵੋ ਕਿ ਅੱਖਾਂ ਨੇ ਇਕ ਰੱਸੇ ਵਰਗੀ ਮੋਟੀ ਚੀਜ਼ ਜ਼ਮੀਨ ਤੇ ਸਰਕਦੀ ਦੇਖੀ। ਮਨ ਇਹ ਖ਼ਬਰ ਲੈ, ਚਿੱਤ ਵਿਚੋਂ ਤਲਾਸ਼ ਕਰਦਾ ਹੈ ਕਿ ਐਸੀ ਚੀਜ਼ ਪਹਿਲਾਂ ਭੀ ਦੇਖੀ ਹੈ। ਚਿੱਤ ਵਿਚੋਂ ਪਤਾ ਲਗਦਾ ਹੈ ਕਿ ਇਸ ਨੂੰ ਪਹਿਲਾਂ ਭੀ ਬਹੁਤ ਵਾਰ ਦੇਖਿਆ ਹੈ। ਇਸ ਨੂੰ ਸੱਪ ਆਖਦੇ ਹਨ। ਇਸ ਦੇ ਲੜਨ ਨਾਲ ਇਨਸਾਨ ਦੀ ਮੌਤ ਹੋ ਜਾਂਦੀ ਹੈ। ਮਨ ਇਸ ਸਾਰੀ ਸਮੱਗਰੀ ਨੂੰ ਬੁੱਧੀ ਪਾਸ ਨਿਰਣਾ ਕਰਨ ਲਈ ਭੇਜਦਾ ਹੈ। ਨਾਲ ਹੀ ਆਪਣੀ ਰਾਏ ਭੀ ਦਿੰਦਾ ਹੈ ਕਿ ਇਸ ਨੂੰ ਮਾਰ ਦੇਣਾ ਹੀ ਚੰਗਾ ਹੈ। ਬੁੱਧੀ ਹਾਲਾਤ ਅਨੁਸਾਰ ਫ਼ੈਸਲਾ ਕਰਦੀ ਹੈ। ਜੇ ਅਸੀਂ ਤਕੜੇ ਹਾਂ ਤੇ ਕੋਈ ਡੰਡਾ ਆਦਿ ਵੀ ਸਾਡੇ ਨੇੜੇ ਹੈ ਤਾਂ ਬੁਧੀ ਹੁਕਮ ਦਿੰਦੀ ਹੈ ਕਿ ਡੰਡਾ ਚੁੱਕੋ ਤੇ ਇਸ ਨੂੰ ਮਾਰ ਦਿਉ। ਜੇ ਉਹ ਸਮਝਦੀ ਹੈ ਕਿ ਸਾਡਾ ਦਿਲ ਕਮਜ਼ੋਰ ਹੈ, ਸਾਥੋਂ ਡੰਡਾ ਠੀਕ ਟਿਕਾਣੇ ਨਹੀਂ ਮਾਰਿਆ ਜਾਣਾ ਤਾਂ ਹੁਕਮ ਦਿੰਦੀ ਹੈ ਕਿ ਇਥੋਂ ਦੌੜ ਜਾਉ। ਇਹ ਹੁਕਮ ਮਨ ਪਾਸ ਆ ਜਾਂਦਾ ਹੈ। ਜੇ ਤਾਂ ਹੁਕਮ ਸੱਪ ਨੂੰ ਮਾਰਨ ਦਾ ਹੈ ਤਾਂ ਹੱਥਾਂ ਨੂੰ ਡੰਡਾ ਚੁਕ ਕੇ ਮਾਰਨ ਲਈ ਆਖਦਾ ਹੈ। ਜੇ ਹੁਕਮ ਦੌੜਨ ਦਾ ਹੈ ਤਾਂ ਆਪਣੀਆਂ ਲੱਤਾਂ ਤੇ ਪੈਰਾਂ ਨੂੰ ਦੌੜ ਜਾਣ ਦਾ ਹੁਕਮ ਦੇ ਦੇਂਦਾ ਹੈ। ਕੰਮ ਹੋ ਚੁਕਣ ਤੇ ਇਸ ਦੀ ਯਾਦ ਚਿਤ ਵਿਚ ਰੀਕਾਰਡ ਕਰ ਦਿੰਦਾ ਹੈ। ਇਹ ਹੈ ਕਰਤੱਵ ਸਾਡੇ ਅੰਦਰ, ਸਾਡੇ ਮਨ ਦਾ।

ਇਸ ਤੋਂ ਪਹਿਲਾਂ ਕਿ ਅਸੀਂ ਮਨ ਦੇ ਸੰਬੰਧ ਵਿਚ ਹੋਰ ਅਗੇ ਵਧੀਏ, ਅਸੀਂ ਖ਼ਿਆਲਾਂ ਨੂੰ ਬੁਧੀ ਪਾਸ ਭੇਜਣ ਸਮੇਂ ਆਪਣੇ "ਹਾਵ ਭਾਵ" ਸ਼ਾਮਲ ਕਰਨੇ ਜਾਂ ਆਪਣੀ ਰੰਗਤ ਵਿਚ ਰੰਗਣ ਦੇ ਮਾਮਲੇ ਨੂੰ ਸਮਝ ਲਈਏ। ਸਾਡੀਆਂ ਅੱਖਾਂ ਇਕ ਹੋਨਹਾਰ ਲੜਕੀ ਨੂੰ ਦੇਖਦੀਆਂ ਹਨ। ਲੜਕੀ ਇਕ ਹੈ, ਪਰ ਉਸ ਨੂੰ ਇਕੋ ਹੀ ਸਮੇਂ ਦੇਖਣ ਵਾਲੇ ਤਿੰਨ ਆਦਮੀ ਹਨ—ਪਤੀ, ਪਿਤਾ ਤੇ ਛੋਟਾ ਭਾਈ। ਪੱਤੀ ਦਾ ਮਨ ਇਸ ਨੂੰ ਜੀਵਨ-ਸਾਥਣ ਦਾ ਰੂਪ ਦੇ ਕੇ, ਪਿਤਾ ਦਾ ਮਨ ਇਸ ਨੂੰ ਲਾਡ-ਪਿਆਰ ਵਿਚ ਰੰਗ ਕੇ ਤੇ ਛੋਟੇ ਭਾਈ ਦਾ ਮਨ ਇਸ ਨੂੰ ਸਤਿਕਾਰ ਦੇ ਜਜ਼ਬੇ ਨਾਲ ਬੁਧੀ ਪਾਸ ਭੇਜਦਾ ਹੈ। ਅਗੋਂ ਇਨ੍ਹਾਂ ਤਿੰਨਾਂ ਦੇ ਕਰਮ ਭੀ ਆਪਣੇ ਹਾਵ ਭਾਵ ਜਾਂ ਜਜ਼ਬਾਤ ਅਨੁਸਾਰ ਵਖੋ ਵੱਖਰੇ ਹੋਣਗੇ।


www.AKJ.Org

ਨੰਗਲ, ਜਿਥੋਂ ਨਹਿਰ ਕਢੀ ਗਈ ਹੈ; ਉਥੇ ਬੰਨ੍ਹ ਦੇ ਪਿਛਲੇ ਪਾਸੇ ਪਾਣੀ ਇਕੱਠਾ ਹੋ ਕੇ ਇਕ ਸੁੰਦਰ ਜਹੀ ਝੀਲ ਬਣ ਗਈ ਹੈ। ਬਾਹਰ ਤੋਂ ਯਾਤਰੂ ਆ ਕੇ ਇਸ ਝੀਲ ਦੇ ਸੁਹੱਪਣ ਦੇ ਖਿਚੇ ਹੋਏ ਘੰਟਿਆਂ ਬਧੀ ਇਸ ਦੇ ਕਿਨਾਰੇ ਬੈਠ ਕੇ ਜਾਂ ਕਿਸ਼ਤੀ ਚਲਾ ਕੇ ਅਨੰਦ ਮਾਣਦੇ ਹਨ। ਕੁਝ ਸਮਾਂ ਪਹਿਲਾਂ ਇਕ ਸਕੂਲ ਦੇ ੨੦-੨੨ ਬੱਚੇ ਇਕ ਕਿਸ਼ਤੀ ਉਲਟਣ ਨਾਲ ਡੁਬ ਕੇ ਮਰ ਗਏ ਸਨ। ਇਨ੍ਹਾਂ ਬੱਚਿਆਂ ਦਾ ਕੋਈ ਮਾਂ ਬਾਪ ਇਸ ਝੀਲ ਦੇ ਕਿਨਾਰੇ ਤੇ ਆਵੇਗਾ ਤਾਂ ਝੀਲ ਨੂੰ ਦੇਖ ਤੇ ਆਪਣੇ ਬੱਚੇ ਦੀ ਮੌਤ ਯਾਦ ਕਰਕੇ ਰੋਵੇਗਾ। ਝੀਲ ਇਕ ਹੀ ਹੈ, ਪਰ ਵਖੋ ਵਖ ਮਾਨਸਕ ਅਵੱਸਥਾ ਹੋਣ ਕਰਕੇ ਇਕ ਲਈ ਅਨੰਦਦਾਇਕ ਹੈ ਤੇ ਦੂਸਰੇ ਲਈ ਡੈਣ ਤੇ ਚੁੜੇਲ।

ਮਨ ਦੇ ਸੰਕੇਤ ਹਾਸਲ ਕਰਨ ਦੇ ਸਰੋਤ ਤਿੰਨ ਹਨ–(੧) ਗਿਆਨ-ਇੰਦਰੀਆਂ। (੨) ਚਿੱਤ ਜਾਂ ਯਾਦ ਸ਼ਕਤੀ, (੩) ਅਕਾਲ ਪੁਰਖ। ਆਮ ਹਾਲਤ ਵਿਚ ਸਾਡੀਆਂ ਗਿਆਨ-ਇੰਦਰੀਆਂ ਸਾਡੇ ਮਨ ਨੂੰ ਕਾਰੇ ਲਾਈ ਰਖਦੀਆਂ ਹਨ। ਜਦੋਂ ਕਿਤੇ ਮਨ ਇਨ੍ਹਾਂ ਵਲੋਂ ਵੇਹਲਾ ਹੋ ਜਾਵੇ ਤਾਂ ਚਿੱਤ ਅੰਦਰ ਜਾ ਚੁਭੀ ਲਾਉਂਦਾ ਹੈ। ਪਿਛਲੇ ਕੀਤੇ ਕਰਮਾਂ ਦੀ ਯਾਦਾਸ਼ਤ ਦੇ ਆਧਾਰ ਤੇ ਆਪਣੀ ਮਾਨਸਕ ਅਵਸਥਾ ਅਨੁਸਾਰ ਹੋਰ ਨਵੇਂ ਨਵੇਂ ਕਰਮ ਕਰਨ ਦੀ ਵਿਉਂਤ-ਬੰਦੀ ਵਿਚ ਰੁਝਿਆ ਰਹਿੰਦਾ ਹੈ।

ਜਦੋਂ ਮਨ ਗਿਆਨ-ਇੰਦਰੀਆਂ ਅਤੇ ਚਿੱਤ–ਇਨ੍ਹਾਂ ਦੋਨਾਂ ਸਰੋਤਾਂ ਤੋਂ ਸੰਕੇਤ ਹਾਸਲ ਕਰਨੋਂ ਰੁਕ ਜਾਂਦਾ ਹੈ ਤਾਂ ਮਨ ਬਿਲਕੁਲ ਨਿਰ-ਖਿਆਲ (ਨਿਰ-ਵਿਕਲਪ) ਹੋ ਜਾਂਦਾ ਹੈ। ਇਸ ਹਾਲਤ ਵਿਚ (ਜੇ ਮਨ ਸਾਵਧਾਨ, ਬਾ-ਹੋਸ਼ ਜਾਂ ਸੁਚੇਤ ਹੋਵੇ ਤਾਂ) ਇਸ ਦਾ ਸੰਬੰਧ ਆਤਮਾ ਨਾਲ ਹੋ ਜਾਂਦਾ ਹੈ, ਜੋ ਕਿ ਪਰਮ-ਆਤਮਾ ਦੀ ਅੰਸ਼ ਹੋਣ ਦੇ ਨਾਤੇ ਪਰਮਾਤਮਾ ਦੇ ਸਾਰੇ ਗੁਣਾਂ ਦੀ ਮਾਲਕ ਹੁੰਦੀ ਹੈ। ਐਸੀ ਅਵਸਥਾ ਵਿਚ ਪ੍ਰਾਪਤ ਕੀਤੇ ਸੰਕੇਤ ਪੂਰਨ ਸ਼ੁਧ ਹੁੰਦੇ ਹਨ ਤੇ ਇਹ ਸੰਕੇਤ ਇਕ ਤਰ੍ਹਾਂ ਨਾਲ ਆਤਮਾ ਜਾਂ ਪਰਮ-ਆਤਮਾ ਦੇ ਆਦੇਸ਼ ਜਾਂ ਹੁਕਮ ਹੁੰਦੇ ਹਨ। ਪਰ ਇਹ ਅਵਸਥਾ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਬਹੁਤਾ ਕਰਕੇ ਆਮ ਲੋਕਾਂ ਦੇ ਮਨ, ਗਿਆਨ-ਇੰਦਰੀਆਂ ਜਾਂ ਚਿੱਤ (ਯਾਦਾਸ਼ਤ) ਤੋਂ ਪ੍ਰਾਪਤ ਕੀਤੇ ਸੰਕੇਤਾਂ ਦੀ ਉਲਝਣ ਵਿਚ ਹੀ ਉਲਝੇ ਰਹਿੰਦੇ ਹਨ। ਜਦੋਂ ਕਿਤੇ ਇਹ ਨਿਰ-ਖ਼ਿਆਲ (ਨਿਰਵਿਕਲਪ) ਹੋ ਭੀ ਜਾਂਦਾ ਹੈ ਤਾਂ ਸਾਵਧਾਨ ਜਾਂ ਸੁਚੇਤ ਨਹੀਂ ਹੁੰਦਾ। ਐਸੀ ਅਵਸਥਾ ਸੁਖੋਪਤ ਜਾਂ ਡੂੰਘੀ ਨੀਂਦ ਦੀ ਹੁੰਦੀ ਹੈ, ਜਾਂ ਮੁਕੰਮਲ ਬੇਹੋਸ਼ੀ ਦੀ। ਇਹ ਬੇਹੋਸ਼ੀ ਭਾਵੇਂ ਕਿਸੀ ਦਵਾਈ ਦੇ ਕਾਰਨ ਹੋਵੇ ਜਾਂ ਕਿਸੀ ਸੱਟ-ਚੋਟ ਕਾਰਨ ਹੋਵੇ ਜਾਂ ਅਤਿ ਦੀ ਖੁਸ਼ੀ ਜਾਂ ਗ਼ਮੀ ਦੇ ਕਾਰਨ ਹੋਵੇ।

ਮਨ ਬਾਰੇ ਕਾਫ਼ੀ ਕੁਝ ਸਮਝ ਲੈਣ ਤੋਂ ਬਾਅਦ ਭੀ ਇਹ ਸਵਾਲ ਤਾਂ ਸਾਡੇ ਸਾਹਮਣੇ ਕਾਇਮ ਹੈ ਕਿ ਸਾਨੂੰ ਹੁਣ ਮਨ ਦੇ ਸੰਬੰਧ ਵਿਚ ਕੀ ਕੁਝ ਕਰਨਾ ਹੈ। ਮਨ ਦੀ ਸਾਧਨਾ ਬਾਰੇ ਵਖ ਵਖ ਸਮਿਆਂ ਵਿਚ ਅਨੇਕਾਂ ਮਹਾਂ ਪੁਰਸ਼ਾਂ, ਜਿਹਾ ਕਿ ਵੇਦਾਂਤ ਦੇ ਅਚਾਰੀਆ ਬਿਆਸ ਜੀ, ਅਸ਼ਟਾਂਗ ਯੋਗ ਦੇ ਕਰਤਾ ਪਾਤੰਜਲ ਜੀ, ਯੋਗ ਸਾਧਨਾ ਦੇ ਲੇਖਕ ਅਰਿਬਿੰਦੂ ਘੋਸ਼ ਆਦਿ ਨੇ ਆਪਣੇ ਆਪਣੇ ਢੰਗ-ਤਰੀਕੇ ਦਸੇ ਹਨ। ਉਹ ਇਉਂ ਕਿ ਸੰਸਾਰ ਬ੍ਰਹਮ ਦਾ ਰੂਪ ਹੈ, ਇਸ ਕਰਕੇ ਜਿਥੇ ਜਿਥੇ ਮਨ ਜਾਵੇ ਉਥੇ ਉਥੇ ਹਰੇਕ ਵਿਚ ਬ੍ਰਹਮ ਨੂੰ ਹੀ ਦੇਖੇ, ਆਪਣੀਆਂ ਗਿਆਨ-ਇੰਦਰੀਆਂ ਨੂੰ ਮੰਦੇ ਪਾਸੇ ਜਾਣੋਂ ਰੋਕੇ, ਮਨ ਦੀ ਸਥਿਰਤਾ ਦੁਆਰਾ ਚਿਤ ਦੀ ਕਿਰਿਆ ਤੇ ਪੁਰਾਣੇ ਸੰਸਕਾਰਾਂ ਤੋਂ ਮੁਕਤ ਹੋਵੇ, ਸ਼ੁਭ ਤੇ ਅਸ਼ੁਭ ਸਭ ਤਰ੍ਹਾਂ ਦੇ ਫੁਰਨਿਆਂ ਨੂੰ ਰੋਕੇ ਅਤੇ ਨਿਰਇਛਤ ਹੋ ਕੇ ਆਪਣਾ ਆਪ ਪ੍ਰਭੂ ਦੇ ਹਵਾਲੇ ਕਰ ਦੇਵੇ ਅਤੇ ਉਸ ਦੀ ਮਰਜ਼ੀ ਵਿਚ ਆਪਣੀ ਮਰਜ਼ੀ ਨੂੰ ਮਿਟਾ ਦੇਵੇ।

ਇਸੇ ਵਿਚਾਰ ਦਾ ਭਾਵ ਗੁਰਬਾਣੀ ਦੇ ਇਸ ਵਾਕ ਵਿਚ ਲੁਪਤ ਹੈ–

ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥੧੯॥ (ਪੰਨਾ ੩੨੭)

ਭਾਵ ਆਪਣੇ ਮਨ ਨੂੰ ਮੁਕੰਮਲ ਤੌਰ ਤੇ ਰਾਮ ਦੇ ਹਵਾਲੇ ਕਰਕੇ–

"ਗੁਰਿ ਕਹਿਆ ਸਾ ਕਾਰ ਕਮਾਵਹੁ" (ਰਾਮਕਲੀ ਮ: ੧ ਓਅੰਕਾਰ, ਪੰਨਾ ੯੩੩)

ਤੇ ਅਮਲ ਕਰਨਾ ਹੈ। ਮਨ ਦੇ ਸ਼ੁਭ ਤੇ ਅਸ਼ੁਭ ਦੋਨਾਂ ਤਰ੍ਹਾਂ ਦੇ ਵਿਚਾਰ, ਅਕਾਲ ਪੁਰਖ ਦਾ ਹੁਕਮ ਮੰਨਣ ਦੇ ਰਸਤੇ ਵਿਚ ਰੁਕਾਵਟ ਨਾ ਬਣਨ। "ਮਨੁ ਬੇਚੈ ਸਤਿਗੁਰ ਕੈ ਪਾਸਿ" ॥੨॥੧੯॥ ਦਾ ਭਾਵ ਭੀ ਇਹ ਹੀ ਹੈ।



www.AKJ.Org

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥੨॥੨॥ (ਪੰਨਾ ੬੦੦)

ਆਓ ਹੁਣ ਜ਼ਰਾ "ਨਿਜ ਘਰ" ਵਿਚ ਭੀ ਝਾਤੀ ਮਾਰ ਕੇ ਦੇਖੀਏ ਕਿ ਇਸ ਸੰਬੰਧੀ "ਗੁਰਮਤਿ" ਸਾਨੂੰ ਕੀ ਰੋਸ਼ਨੀ ਬਖ਼ਸ਼ਦੀ ਹੈ। 'ਜਾਗਰਤ' ਵਿਚ ਅਸੀਂ ਆਪਣੇ ਸਰੀਰ ਅਤੇ ਚੌਗਿਰਦੇ ਬਾਰੇ ਪੂਰੀ ਤਰ੍ਹਾਂ ਬਾ-ਹੋਸ਼ ਜਾਂ ਸੁਚੇਤ ਹੁੰਦੇ ਹਾਂ। 'ਸੁਪਨ' ਜਾਗਰਤ ਤੇ ਡੂੰਘੀ ਨੀਂਦ ਦੀ ਵਿਚਕਾਰ ਦੀ ਅਵਸਥਾ ਹੁੰਦੀ ਹੈ। ਸੁਖੋਪਤ ਵਿਚ ਅਸੀਂ ਮੁਕੰਮਲ ਡੂੰਘੀ ਨੀਂਦ ਵਿਚ ਹੋਣ ਕਰਕੇ ਪੂਰੀ ਤਰ੍ਹਾਂ ਬੇ-ਹੋਸ਼ ਹੁੰਦੇ ਹਾਂ। ਤੁਰੀਆ ਅਵੱਸਥਾ ਵਿਚ ਸੁਖੋਪਤ ਵਾਂਗ ਬਾਹਰੋਂ ਬਿਲਕੁਲ ਬੇ-ਹੋਸ਼ ਤੇ ਅੰਦਰੋਂ ਪੂਰੀ ਤਰ੍ਹਾਂ ਸਾਵਧਾਨ ਸੁਚੇਤ ਜਾਂ ਬਾ-ਹੋਸ਼ ਹੁੰਦੇ ਹਾਂ, ਜਦੋਂ ਕਿ ਸੁਖੋਪਤ ਜਾਂ ਗਹਿਰੀ ਨੀਂਦ ਵਿਚ ਅਸੀਂ ਅੰਦਰੋਂ ਭੀ ਤੇ ਬਾਹਰੋਂ ਭੀ ਬੇ-ਹੋਸ਼ ਹੁੰਦੇ ਹਾਂ। ਸੁਖੋਪਤ ਤੇ ਤੁਰੀਆ ਵਿਚ ਮਨ ਪੂਰਾ ਨਿਰ-ਖ਼ਿਆਲ (ਨਿਰ-ਵਿਕਲਪ) ਹੁੰਦਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਸੁਖੋਪਤ ਬੇ-ਹੋਸ਼ ਤੇ 'ਤੁਰੀਆ' ਬਾ-ਹੋਸ਼ ਹਾਲਤ ਦਾ ਨਾਮ ਹੈ। ਇਸ ਤੁਰੀਆ ਅਵਸਥਾ ਨੂੰ ਚੌਥਾ ਪਦ ਜਾਂ ਸਹਿਜ ਆਖਿਆ ਗਿਆ ਹੈ। ਇਸ ਅਫੁਰ ਅਵਸਥਾ ਵਿਚ ਨਾਮ ਦੇ ਜਾਪ ਨੂੰ "ਲਿਵ" ਆਖਦੇ ਹਨ। ਇਸ ਲਿਵ ਅਵਸਥਾ ਵਿਚ ਮਨ ਦਾ ਸੰਬੰਧ ਸਰੀਰ ਨਾਲੋਂ ਟੁਟ ਕੇ ਆਪਣੀ ਆਤਮਾ ਨਾਲ ਜੁੜਿਆ ਹੁੰਦਾ ਹੈ ਤੇ ਸਰੀਰ ਪੂਰੀ ਤਰ੍ਹਾਂ ਅਹਿਲ ਹੋ ਜਾਂਦਾ ਹੈ। ਇਸ ਹਾਲਤ ਵਿਚ, ਭੱਠੀਆਂ ਤਵੀਆਂ ਤੇ ਬੈਠਿਆਂ ਸਿਰ ਦੀ ਖੋਪਰੀ ਲੁਹਾਉਂਦਿਆਂ, ਆਰੇ ਨਾਲ ਚੀਰੇ ਜਾਂਦਿਆਂ ਜਾਂ ਦੇਗਾਂ ਵਿਚ ਉਬਲਦੇ ਸਮੇਂ ਜਾਂ ਬੰਦ ਬੰਦ ਕਟੇ ਜਾਣ ਦਾ ਕੋਈ ਪਤਾ ਨਹੀਂ ਲਗਦਾ।

"ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ"॥੨੮॥ (ਅਨੰਦ ਸਾਹਿਬ, ਪੰਨਾ ੯੨੦)

ਇਸ ਸਹਿਜ ਅਵਸਥਾ ਦਾ ਵਿਸਥਾਰ ਜਾਣਨ ਲਈ ਦੇਖੋ ਸਿਰੀ ਰਾਗੁ ਵਿਚ ਗੁਰੂ ਅਮਰਦਾਸ ਜੀ ਦਾ ਪੂਰਾ ਸ਼ਬਦ—ਸਹਜੈ ਨੋ ਸਭ ਲੋਚਦੀ–ਪੰਨਾ ੬੮)

ਗੁਰੂ ਅਮਰਦਾਸ ਜੀ ਨੇ ਜੋ ਸੁਝਾਉ ਦਿਤਾ ਹੈ, ਉਸ ਦਾ ਜ਼ਿਕਰ ਅਨੰਦ ਸਾਹਿਬ ਦੀ ੨੮ਵੀਂ ਤੇ ੨੯ਵੀਂ ਪਉੜੀ ਵਿਚ ਹੈ, ਜਿਸ ਦਾ ਭਾਵ-ਅਰਥ ਹੈ ਕਿ ਜੀਵ ਮਾਤਾ ਦੇ ਉਦਰ ਵਿਚ ਅਤਿ ਦੀ ਪ੍ਰਬਲ ਅਗਨ ਵਿਚ ਹੁੰਦਾ ਹੈ–

"ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥੨॥ (ਮਾਰੂ ਅੰਜੁਲੀ ਮ: ੫, ਪੰਨਾ ੧੦੦੭)

ਖ਼ਾਸ ਧਿਆਨ ਯੋਗ ਨੁਕਤਾ ਇਹ ਹੈ ਕਿ ਜੀਵ ਮਾਤਾ ਦੇ ਉਦਰ ਵਿਚ ਸ਼ੁਰੂ ਸ਼ੁਰੂ ਵਿਚ ਇਤਨਾ ਛੋਟਾ ਹੁੰਦਾ ਹੈ ਕਿ ਨੰਗੀ ਅੱਖ ਨਾਲ ਨਜ਼ਰ ਨਹੀਂ ਆਉਂਦਾ, ਸਿਰਫ ਖ਼ੁਰਦਬੀਨ ਨਾਲ ਹੀ ਦੇਖਿਆ ਜਾ ਸਕਦਾ ਹੈ। ਉਹ ਉਸ ਵਕਤ ਇਤਨਾ ਨਾਜ਼ਕ ਹੁੰਦਾ ਹੈ ਕਿ ਜੇ ਬਾਹਰ ਹੋਵੇ ਤਾਂ ਸਾਡੇ ਮੂੰਹ ਦੀ ਹਵਾੜ ਨਾਲ ਹੀ ਮਰ ਸਕਦਾ ਹੈ। ਇਤਨਾ ਛੋਟਾ ਤੇ ਨਾਜ਼ਕ ਜੀਵ, ਮਾਤਾਂ ਦੇ ਉਦਰ ਦੀ ਇਤਨੀ ਪ੍ਰਬਲ ਅਗਨ ਵਿਚ ਕਿਵੇਂ ਜੀਂਦਾ ਰਹਿ ਸਕਦਾ ਹੈ ? ਫ਼ੁਰਮਾਨ ਹੈ ਕਿ– "ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ।" ਉਸ ਵਕਤ ਜੀਵ ਅਕਾਲ ਪੁਰਖ ਦੀ ਯਾਦ ਵਿਚ 'ਲਿਵ' ਦੀ ਅਵਸਥਾ ਵਿਚ ਹੁੰਦਾ ਹੈ। ਲਿਵ ਦੀ ਅਵਸਥਾ ਵਿਚ ਉਦਰ ਦੀ ਅਗਨ ਉਸ ਨੂੰ ਪੋਹ ਨਹੀਂ ਸਕਦੀ। ਜਦੋਂ ਜੀਵ ਭਾਣੇ ਅੰਦਰ ਜੰਮਿਆ ਤਾਂ–

"ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ" ॥੨੯॥ (ਅਨੰਦੁ ਸਾਹਿਬ, ਪੰਨਾ ੯੨੧)

ਪੈਦਾਇਸ਼ ਹੋ ਜਾਣ ਤੇ ਅਕਾਲ ਪੁਰਖ ਨਾਲੋਂ ਲਿਵ ਛੁੜਕ ਜਾਂਦੀ ਹੈ ਤੇ ਮਾਇਆ ਦਾ ਅਮਰ (ਹੁਕਮ) ਵਰਤਣਾ ਸ਼ੁਰੂ ਹੋ ਜਾਂਦਾ ਹੈ, ਭਾਵ, ਮਾਇਆ ਦੇ ਅਧੀਨ ਹੋ ਕੇ ਖ਼ਾਹਸ਼ਾਂ (ਤ੍ਰਿਸ਼ਨਾ) ਦੇ ਚੱਕਰ ਵਿਚ ਫਸ ਜਾਂਦਾ ਹੈ–

"ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ" ॥੨੯॥ (ਅਨੰਦ ਸਾਹਿਬ, ਪੰਨਾ ੨੧)

ਜਿਤਨੀ ਉਦਰ ਵਿਚ ਅਗਨ ਪ੍ਰਬਲ ਸੀ ਉਤਨੀ ਹੀ ਬਾਹਰ ਮਾਇਆ ਪ੍ਰਬਲ ਹੈ। ਸਤਿਗੁਰੂ ਦੀ ਕਿਰਪਾ ਨਾਲ ਜਦ ਬਾਹਰ ਆ ਕੇ ਭੀ ਜੀਵ ਦੀ ਲਿਵ ਲਗ ਜਾਂਦੀ ਹੈ ਤਾਂ ਬਾਹਰ ਦੀ ਮਾਇਆ ਭੀ ਉਸ ਦਾ ਕੁਝ ਵਿਗਾੜ ਨਹੀਂ ਸਕਦੀ–ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹੁ ਰਹਤਾ ਨਾਮ ਆਧਾਰਿ ॥

ਅਨਦੁ ਕਰੇ ਸਾਸਿ ਸਾਸਿ ਸਮ੍ਹਾਰੇ ਨਾ ਪੋਹੈ ਅਗਨਾਰਿ ॥੨॥੩੭॥ (ਪੰਨਾ ੩੭੯)



www.AKJ.Org

ਸਤਿਗੁਰੂ ਜੀ ਨੇ ਉਦਰ ਦੀ ਅਗਨ ਦੀ ਮਿਸਾਲ ਦੇ ਕੇ ਜੀਵ ਨੂੰ ਚੇਤੰਨ ਕੀਤਾ ਹੈ–

"ਮਾਇਆ ਅਗਨਿ ਸਭ ਇਕੋ ਜੇਹੀ" ॥......(੯੨੧)

ਜੇ ਅਸੀਂ ਮਾਇਆ ਦੇ ਹਮਲਿਆਂ ਤੋਂ ਬਚਣਾ ਹੈ ਤਾਂ ਸਾਨੂੰ ਹਰ ਵਕਤ ਲਿਵ ਦੇ ਕਿਲ੍ਹੇ (ਕੋਟ-ਗੜ੍ਹ) ਵਿਚ ਰਹਿਣਾ ਹੋਵੇਗਾ। ਲਿਵ ਦੇ ਕੋਟ-ਗੜ੍ਹ ਵਿਚ ਰਹਿੰਦਿਆਂ ਮਾਇਆ ਦਾ ਕੋਈ ਤੀਰ, ਤੁਪਕ ਜਾਂ ਗੋਲੀ ਸਾਡੇ ਤੇ ਮਾਰ ਨਹੀਂ ਕਰ ਸਕਦੀ। ਜਦੋਂ ਹੀ ਅਸੀਂ ਲਿਵ ਦੇ ਕਿਲ੍ਹੇ ਤੋਂ ਬਾਹਰ ਪੈਰ ਰਖਿਆ, ਅਸੀਂ ਮਾਇਆ ਦੇ ਕਿਸੇ ਤੀਰ ਜਾਂ ਤੁਪਕ ਦਾ ਨਿਸ਼ਾਨਾ ਬਣ ਜਾਵਾਂਗੇ। ਸੋ ਮਾਇਆ ਤੋਂ ਬਚਣ ਦਾ ਇਕੋ ਇਕ ਹਲ ਲਿਵ ਦੀ ਅਵੱਸਥਾ ਵਿਚ ਰਹਿਣਾ ਹੈ।

ਸਤਿਗੁਰੂ ਜੀ ਦਾ ਇਹ ਸੁਝਾਉ ਕੋਈ ਫ਼ਰਜ਼ੀ, ਖ਼ਿਆਲੀ ਜਾਂ ਕਾਗਜ਼ੀ ਨਹੀਂ ਹੈ। ਇਸ ਤੇ ਅਮਲ ਕੀਤਿਆਂ ਹੀ ਇਸ ਅਵਸਥਾ ਦੀ ਸੋਝੀ ਹੋ ਸਕਦੀ ਹੈ। ਫਿਰ ਪਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਰਹਿੰਦੀ। 'ਲਿਵ' ਦੀ ਅਵਸਥਾ ਤਾਂ ਹਾਲੇ ਸ਼ਾਇਦ ਦੂਰ ਹੀ ਹੋਵੇ, 'ਸਿਮਰਨ' ਦੀ ਅੱਛੀ ਅਵਸਥਾ ਵਿਚ ਹੀ ਮਾਇਆ ਦੇ ਹਮਲੇ ਕਾਰਗਰ ਨਹੀਂ ਹੋ ਸਕਦੇ। ਸੋ ਆਓ, ਅਸੀਂ ਅਜ ਤੋਂ ਨਹੀਂ, ਹੁਣ ਤੋਂ ਹੀ ਸਿਮਰਨ ਵਿਚ ਜੁਟ ਜਾਈਏ ਤੇ ਜੁਟੇ ਹੀ ਰਹੀਏ। ਸਤਿਗੁਰੂ ਜੀ ਆਪਣੀ ਕਿਰਪਾ ਦਵਾਰਾ ਸਾਡੇ ਗਿਰਦ ਲਿਵ ਦਾ ਕੋਟ ਉਸਾਰ ਕੇ ਸਾਨੂੰ ਮਾਇਆ ਦੇ ਹਮਲਿਆਂ ਤੋਂ ਸੁਰੱਖਿਅਤ ਰਖਣਗੇ।

ਉਦਮ ਤੇ ਘਾਲਣਾ ਕੀਤਿਆਂ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇ ਕੋਈ ਹੋਰ ਪ੍ਰਾਣੀ ਸਹਿਜ ਤੇ ਲਿਵ ਦੀ ਅਵਸਥਾ ਤੇ ਪਹੁੰਚ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ? ਲੋੜ ਹਿੰਮਤ ਤੇ ਮਿਹਨਤ ਦੀ ਹੈ। ਪਰ ਅਸੀਂ ਤਾਂ ਚਾਹੁੰਦੇ ਹਾਂ ਕਿ ਮੇਹਨਤ ਕੋਈ ਹੋਰ ਕਰੇ, ਸਾਡੇ ਸੁਖ-ਆਰਾਮ ਵਿਚ ਕੋਈ ਫ਼ਰਕ ਭੀ ਨਾ ਆਵੇ, ਕੋਈ ਸੰਤ ਮਹਾਤਮਾ ਛੂ-ਮੰਤਰ ਕੀ ਡਾਲੀ ਲਾ ਕੇ ਸਾਨੂੰ ਲਿਵ ਦੀ ਅਵਸਥਾ ਤੇ ਪਹੁੰਚਾ ਦੇਵੇ। ਪਰ ਵੀਰ ਜੀ, "ਗਲੀਂ ਜੋਗੁ ਨ ਹੋਈ"॥(੭੩੦)। ਜੇ ਅਸੀਂ ਲਿਵ ਦੀ ਅਵਸਥਾ ਪ੍ਰਾਪਤ ਕਰਨੀ ਹੈ ਤਾਂ ਸਾਨੂੰ ਆਪ ਹੀ ਮੇਹਨਤ ਕਰਨੀ ਪਵੇਗੀ–

"ਅਨਦਿਨੁ ਜਾਗਹਿ ਨਾ ਸੋਵਹਿ ਜਾਗਤ ਰੈਣ ਵਿਹਾਣੀ ॥੧੭॥ (ਪੰਨਾ ੫੨੫)

ਜਾਂ–"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥੧॥੮॥ (ਪੰਨਾ ੩੧੯)

ਜਾਂ–ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥

ਵਾਲੀ ਭੱਠੀ ਦੇ ਤਾਉ ਵਿਚੋਂ ਲੰਘ ਕੇ ਹੀ ਇਹ ਅਵਸਥਾ ਪ੍ਰਾਪਤ ਹੋਣੀ ਹੈ।

ਗੁਰਮਤਿ ਦੇ ਗਾਡੀ ਰਾਹ ਤੇ ਚਲ ਕੇ ਹੀ ਅਸੀਂ ਸ਼ਾਂਤੀ ਦੇ ਮੰਦਰ ਵਲ ਵਧ ਸਕਦੇ ਹਾਂ। ਪਰ ਸਾਡੀ ਬਦਕਿਸਮਤੀ ਇਹ ਹੈ ਕਿ ਇਸ ਗਾਡੀ-ਰਾਹ ਦੇ ਦੋਹੀਂ ਪਾਸੀਂ ਮਾਇਆ ਆਪਣੇ ਜਾਲ ਵਿਛਾਈ ਚੋਗਾ ਖਿਲਾਰੀ ਬੈਠੀ ਹੈ, ਕਿਤੇ ਕਾਮ ਦਾ ਜਾਲ, ਕਿਤੇ ਕਰੋਧ ਦੀ ਬੌਰ, ਤੇ ਕਿਤੇ ਲੋਭ ਮੋਹ ਅਹੰਕਾਰ ਦੇ ਚੋਗੇ–

"ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥੧॥੨੫॥ (ਪੰਨਾ ੧੩੮੪)

ਸ਼ਿਕਾਰ ਇਕ ਹੈ ਤੇ ਸ਼ਿਕਾਰੀ ਅਨੇਕ। ਕੀ ਕੀਤਾ ਜਾਵੇ? ਬੜੀ ਤਰਸ ਯੋਗ ਹਾਲਤ ਹੈ ਸਾਡੀ। ਜੇ ਤਾਂ ਅਸੀਂ ਸਿਮਰਨ ਜਾਂ ਲਿਵ ਵਿਚ ਮਸਤ ਅਗੇ ਤੁਰ ਰਹੇ ਤਾਂ ਮਾਇਆ ਦੇ ਇਨ੍ਹਾਂ ਫਾਹੀਵਾਲਾਂ ਦੀ ਸਾਡੇ ਅਗੇ ਕੋਈ ਪੇਸ਼ ਨਹੀਂ ਜਾਣੀ। ਪਰ ਜਦੋਂ ਅਸੀਂ ਸਿਮਰਨ ਜਾਂ ਲਿਵ ਤੋਂ ਉਖੜੇ ਤਾਂ ਮਾਇਆ ਦੇ ਫਾਹੀਵਾਲਾਂ ਦੀ ਕੁੜਿੱਕੀ ਵਿਚ ਫਸ ਜਾਵਾਂਗੇ। ਸੋ ਜਿਥੇ ਮਾਇਆ ਦੇ ਇਨ੍ਹਾਂ ਫਾਹੀਵਾਲਾਂ ਤੋਂ ਬਚਣ ਲਈ ਸਿਮਰਨ ਤੇ ਲਿਵ ਦੀ ਲੋੜ ਹੈ ਉਥੇ ਹੀ ਮਨ ਦੀ ਛੋਟੀ ਤੋਂ ਛੋਟੀ ਤਰੰਗ ਤੇ ਭੀ ਨਜ਼ਰ ਰਖਣੀ ਹੈ, ਤਾਂ ਜੁ ਮਾਇਆ ਕਿਸੇ ਪਾਸਿਓਂ ਲੁਕ ਛਿਪ ਕੇ ਕੋਈ ਹਮਲਾ ਨਾ ਕਰ ਸਕੇ।

ਗੁਰਮਤਿ ਦਾ ਆਖ਼ਰੀ ਫ਼ੈਸਲਾ ਹੈ ਕਿ–

ਮਨੁ ਬਸਿ ਆਵੈ ਨਾਨਕ ਜੇ ਪੂਰਨ ਕਿਰਪਾ ਹੋਇ ॥੧੦॥ (ਗਉੜੀ ਥਿਤੀ ਮ: ੫–੨੯੮)



www.AKJ.Org

# ਸਿੰਘਾਂ ਦਾ ਹੋਲਾ ਤੇ ਲੋਕਾਂ ਦੀ ਹੋਲੀ

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ]

੧. ਹੋਲੇ ਮਹੱਲੇ ਦੀ ਮਹੱਤਤਾ ਤੇ ਪ੍ਰਭਾਵ–

ਜਬ ਲਗੇ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰਉਂ ਇਨ ਕੀ ਪ੍ਰਤੀਤ ॥

ਸਤਿਗੁਰਾਂ ਨੇ ਇਕ ਅਜਿਹੇ ਪੰਥ ਦੀ ਸਿਰਜਨਾ ਕੀਤੀ ਕਿ ਇਕ ਸਿੰਘ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਵੀ ਗੁੱਝਾ ਨਹੀਂ ਰਹਿੰਦਾ। ਪਰ ਨਾਲ ਹੀ ਲੁਤਫ਼ ਇਹ ਹੈ ਕਿ ਰੱਬ ਦੀ ਦਿੱਤੀ ਸੂਰਤ ਸ਼ਕਲ ਨੂੰ ਵੀ ਸਹੀ ਸਲਾਮਤ ਕਾਇਮ ਰੱਖਿਆ। ਇਹ ਪੰਥ ਨਿਰਾ ਹੀ ਨਵੇਕਲਾ, ਨਿਰਾਲਾ, ਨਿਆਰਾ ਹੁੰਦਾ ਹੋਇਆ ਵੀ ਨਿੱਤ ਨਵਾਂ ਨਰੋਆ ਅਤੇ ਨੌ-ਬਰ-ਨੌ ਹੋਣ ਦੀ ਸਾਖੀ ਭਰਦਾ ਹੈ। ਇਹ ਖਾਲਸਾ ਪੰਥ ਕੁਦਰਤੀ ਤੌਰ ਤੇ ਸਦਾ ਚੜ੍ਹਦੀ ਕਲਾ, ਸਾਹਸ, ਹੌਸਲਾ, ਹਿੰਮਤ ਤੇ ਆਸਾਂ ਭਰਪੂਰ ਕਰਨੀਆਂ ਕਮਾਈਆਂ ਦਾ ਪਰਤੀਕ ਤੇ ਹਾਮੀ ਰਿਹਾ ਹੈ ਅਤੇ ਰਹੇਗਾ। ਸਿੰਘਾਂ ਦੇ ਜੰਮਣ, ਜੀਊਣ, ਪਲਣ, ਕਾਰ-ਵਿਹਾਰੇ ਅਤੇ ਮਰਨ ਦੇ ਆਪਣੇ ਹੀ ਢੰਗ ਹਨ। ਬਾਕੀ ਛੱਡੋ, ਮਰਨ ਵਾਲੀ ਗੱਲ ਕਰੀਏ–

ੳ) ਮਰਣੁ ਮਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥ (ਵਡਹੰਸੁ ਮ: ੧–੫੭੯-੮੦)
ਅ) ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ (ਸਲੋਕ ਕਬੀਰ ਜੀ, ੧੩੬੫)

ਇਹ ਖਿੜੇ ਮੱਥੇ ਮੌਤ ਦਾ ਸੁਆਗਤ ਕਰਦੇ ਹਨ। ਮਨ ਅੰਦਰ ਮੌਤ ਲਈ ਚਾਉ ਪੈਦਾ ਕਰਨ ਹਿਤ ਚੜ੍ਹਦੀ ਕਲਾ ਦੇ ਬੋਲੇ ਬੋਲਦੇ ਹਨ :–ਚੜ੍ਹਾਈ ਕਰ ਜਾਣਾ, ਮੌਤ ਲਾੜੀ ਨਾਲ ਵਿਆਹ ਕਰਨਾ, ਅਕਾਲ ਚਲਾਣਾ ਕਰਨਾ, ਪ੍ਰਭੂ ਨੂੰ ਪਿਆਰੇ ਹੋਣਾ, ਸੁਆਸ ਪੂਰੇ ਕਰਨਾ, ਜੀਵਨ ਯਾਤਰਾ ਸਫਲ ਕਰ ਚੁਕਣਾ, ਸਤਿਗੁਰ ਦੀ ਗੋਦ ਵਿਚ ਬਿਰਾਜਣਾ, ਸੱਚਖੰਡ ਵਿਚ ਵਾਸਾ ਕਰਨਾ, ਪ੍ਰਭੂ ਚਰਨਾਂ ਵਿੱਚ ਨਿਵਾਸ ਕਰਨਾ, ਪਰਲੋਕ ਸਿਧਾਰਨਾ, ਸਵਰਗਵਾਸ ਹੋਣਾ, ਪੂਰੇ ਹੋਣਾ, ਨਿਜ-ਘਰ ਵਾਸਾ ਕਰਨਾ, ਜੋਤੀ ਜੋਤ ਸਮਾਉਣਾ ਆਦਿ।

ਸਿੰਘਾਂ ਦੇ ਮੇਲੇ, ਇਕੱਠ, ਸਮਾਗਮ ਤੇ ਦੀਵਾਨ, ਰਸਮ ਰਿਵਾਜ ਵੀ ਨਿਰਾਲੇ ਹੀ ਹਨ। ਪਰ ਸਰਬੱਤ ਦਾ ਭਲਾ ਮੰਗਣ ਵਾਲੇ ਤੇ ਸਦਾ ਚੜ੍ਹਦੀ ਕਲਾ ਦੇ ਪਰਤੀਕ, ਤੇ ਨਾਲ ਹੀ ਅਰਦਾਸ ਵੀ ਕਰਦੇ ਹਨ :

ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ। ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ।

ਅਰਦਾਸ ਦੀ ਸਮਾਪਤੀ ਵੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੀਆਂ ਸ਼ੁਭ ਇਛਾਂ ਸਹਿਤ ਕਰਦੇ ਹਨ।

੨. ਹੋਲੇ ਦਾ ਮੰਤਵ :–ਇਸ ਸਾਰੀ ਭੂਮਿਕਾ ਦਾ ਤਾਤਪਰਜ ਇਹ ਹੈ ਕਿ ਸਤਿਗੁਰਾਂ ਨੇ ਪੁਰਾਣੇ ਤਿਉਹਾਰਾਂ ਨੂੰ, ਜਿਨ੍ਹਾਂ ਨੂੰ ਆਮ ਲੋਕ ਬੜੇ ਨਿਘਰੇ ਹੋਏ, ਨਿੰਦਨੀਯ ਗੰਦੇ ਢੰਗਾਂ ਨਾਲ ਮਨਾਉਂਦੇ ਸਨ, ਮਨਾਉਣ ਲਈ ਨਵੇਂ ਨਰੋਏ ਵਸੀਲੇ ਤੇ ਢੰਗ ਵਰਤੇ। ਤਿਉਹਾਰ ਵੀ ਮਨਾਇਆ ਗਿਆ ਤੇ ਪ੍ਰਾਣੀ ਮਾਤਰ ਦੇ ਸਰੀਰਕ, ਮਾਨਸਿਕ ਤੇ ਆਤਮਿਕ ਵਿਕਾਸ ਨੂੰ ਵੀ ਪ੍ਰਗਤੀਸ਼ੀਲ ਤੇ ਲਾਭਕਾਰੀ, ਉਸਾਰੂ, ਸਿਖਿਆਦਾਇਕ ਅਵਸਰ ਮਿਲੇ।

ਸਤਿਗੁਰੂ ਅਰਜਨ ਦੇਵ ਜੀ ਨੇ ਗਉੜੀ ਸੁਖਮਨੀ ਪੰਨਾ ੨੮੬ ਤੇ ਫੁਰਮਾਇਆ ਹੈ–

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥


www.AKJ.Org

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੈ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੨॥੧੮॥

ਇਸ ਸ਼ਬਦ ਦੇ ਆਸ਼ੇ ਨੂੰ ਪੂਰਾ ਕਰਨ ਹਿਤ ਦਸਮੇਸ਼ ਪਿਤਾ ਜੀ ਨੇ ਆਪਣੇ ਸਿੱਖਾਂ ਲਈ ਕੀ ਕੁਝ ਨਹੀਂ ਕੀਤਾ। ਉਹਨਾਂ ਨੇ ਇਸ ਸ਼ਬਦ ਦੇ ਆਸ਼ੇ ਨੂੰ ਮੁੱਖ ਰੱਖ ਕੇ ਸਿੱਖਾਂ ਲਈ ਆਪਣਾ ਆਪ, ਹਜ਼ਾਰਾਂ ਹੀ ਪ੍ਰਾਣਾਂ ਤੋਂ ਪਿਆਰੇ ਸਿੱਖ, ਮਾਤਾ, ਪਿਤਾ, ਚਾਰ ਪੁੱਤਰ, ਪੰਜ ਮਾਮੇ, ਪੰਜ ਭੂਆ (ਬੀਬੀ ਵੀਰੋ) ਦੇ ਪੁਤਰਾਂ ਤੋਂ ਬਿਨਾਂ ਲੱਖਾਂ ਦੀਆਂ ਜਾਇਦਾਦਾਂ, ਆਪਣੀਆਂ ਤੇ ੫੨ ਕਵੀਆਂ ਦਾ ਮਣਾਂ ਮੂੰਹ ਸਾਹਿਤ, ਸਰੀਰਕ ਤੇ ਮਾਨਸਿਕ ਸੁਖ ਕੁਰਬਾਨ ਕੀਤੇ। ਕਲਗੀਧਰ ਜੀ ਨੇ ਸਿੱਖਾਂ ਲਈ ਨਹੀਂ, ਭਾਰਤ ਦੀ ਆਨ ਸ਼ਾਨ ਬਦਲੇ, ਸਭ ਧਰਮਾਂ ਦੀ ਅਜ਼ਾਦੀ ਲਈ, ਸਗੋਂ ਮਨੁਖ ਮਾਤਰ ਦੀ ਰਖਿਆ ਕਰਨ ਅਤੇ ਦੁਸ਼ਟਾਂ ਦੋਖੀਆਂ ਨੂੰ ਦੰਡ ਦੇਣ ਲਈ, ਆਪਣੇ ਜਨਮ-ਮਨੋਰਥ ਨੂੰ ਪੂਰਾ ਕਰਨ ਲਈ, ਅਕਾਲ ਪੁਰਖ ਦਾ ਆਦੇਸ਼ ਫ਼ੁਰਮਾਇਆ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

ਬਚਿਤ੍ਰ ਨਾਟਕ, ਅਧਿ: ੬

ਦੁਸ਼ਟਾਂ ਦੋਖੀਆਂ ਨੂੰ ਸੋਧਣ ਲਈ, ਡਿਗਿਆਂ ਢਠਿਆਂ ਨੂੰ ਉਪਰ ਚੁੱਕ ਕੇ ਗਲ ਲਾਉਣ ਲਈ, ਧਰਮ ਨਿਭਾਉਣ ਲਈ, "ਸਵਾ ਲਾਖ ਸੇ ਏਕ ਲੜਾਊਂ" ਲਈ, ਹੋਲੀ ਨੂੰ ਹੋਲੇ ਦਾ ਰੂਪ ਦੇ ਕੇ, ਨਿਘਰੇ ਹੋਇ ਲੋਕਾਂ ਦੇ ਮਨਾਂ ਅਤੇ ਸਰੀਰਾਂ ਵਿਚ ਅਜਿਹੀ ਸਪਿਰਟ, ਜਜ਼ਬਾ, ਦਲੇਰੀ ਅਤੇ ਨੇਕ ਕਾਰਜਾਂ ਦੀ ਪੂਰਤੀ ਦੀਆਂ ਭਾਵਨਾਵਾਂ ਪਰਦਾਨ ਕੀਤੀਆਂ ਜੋ ਅਜ ਤੱਕ ਲਗਾਤਾਰ ਜਾਰੀ ਹਨ।

ਖ਼ਾਲਸੇ ਦੀ ਸਿਰਜਨਾ, ਭਾਵ, ਅੰਮ੍ਰਿਤ ਸੰਚਾਰ ਅਤੇ ਪੰਜ ਪਿਆਰਿਆਂ ਦੀ ਆਪਾ-ਵਾਰੂ ਚੋਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

੩. ਹੋਲੀ:—ਹਰ ਦੇਸ਼ ਆਪਣੇ ਢੰਗਾਂ ਨਾਲ ਸਿਆਲ ਨਿਕਲ ਜਾਣ ਤੇ ਖੁੱਲ੍ਹੀ ਬਹਾਰ ਆ ਜਾਣ ਦੀਆਂ ਖੁਸ਼ੀਆਂ ਮਨਾਉਂਦਾ ਹੈ। ਸੋ ਭਾਰਤ ਵਿਚ ਵੀ ਹੋਲੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਇਸ ਦਿਨ ਭਗਤ ਪ੍ਰਹਿਲਾਦ ਦੀ ਭੂਆ ਹੋਲਕਾਂ (ਦੁਸ਼ਟ ਹਰਨਾਕਸ਼ ਦੀ ਭੈਣ) ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਸੀ, ਪ੍ਰਭੂ-ਭਗਤ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਪਰਚੰਡ ਅਗਨੀ ਵਿਚ ਸਾੜਨ ਦਾ ਦੁਰਯਤਨ ਕਰਦੀ ਹੋਈ ਆਪ ਸੜ ਮਰੀ ਸੀ। ਪਰੰਤੂ ਬਾਲ-ਭਗਤ ਆਪ ਨਵਾਂ ਨਰੋਆ ਬਚ ਨਿਕਲਿਆ। ਸੋ ਹੋਲੀਆਂ ਦੇ ਦਿਨ ਖੁਸ਼ੀਆਂ ਭਰੇ ਦਿਨ ਹਨ, ਕਿਉਂਕਿ ਨੇਕੀ ਦੀ ਬਦੀ ਤੇ ਜਿੱਤ ਹੋਈ, ਸੱਚ ਦੀ ਝੂਠ ਤੇ ਫ਼ਤਹ ਦੇ ਨਗਾਰੇ ਵੱਜੇ। ਇਸ ਕਹਾਣੀ ਨੂੰ ਅੱਖੋਂ ਉਹਲੇ ਵੀ ਕਰ ਦੇਈਏ ਤਾਂ ਵੀ ਹੋਲੀ ਬਸੰਤ ਰੁੱਤ ਦੇ ਪਰਫੁੱਲਤ ਤੇ ਖੇੜਿਆਂ ਦੀ ਸੂਚਕ ਹੈ। ਭਾਰਤੀ ਲੋਕ ਆਦਿ ਤੋਂ ਹੀ ਹਰੇਕ ਰੁੱਤ ਦੇ ਪਲਟੇ ਤੇ ਰੁੱਤ ਅਨੁਸਾਰ ਦਿਲੀ-ਭਾਵ ਤੇ ਹੁਲਾਸ ਦਾ ਪ੍ਰਗਟਾਵਾ ਕਰਦੇ ਆਏ ਸਨ। ਪਰ ਆਪਣੀਆਂ ਕਮਜ਼ੋਰੀਆਂ ਕਾਰਨ ਆਪਣਾ ਤੇਜ ਪਰਤਾਪ ਤੇ ਰਾਜ ਭਾਗ ਗੁਆ ਬੈਠੇ ਤੇ ਨਾਲ ਹੀ ਖੁਸ਼ੀਆਂ ਦੇ ਸਾਧਨ ਅਤੇ ਉਨ੍ਹਾਂ ਦੀਆਂ ਰਸਮਾਂ ਜਿੰਦਹੀਣ ਕਲਬੂਤ ਬਣ ਕੇ ਰਹਿ ਗਈਆਂ। ਹੋਲੀ ਦੀ ਰਸਮ ਤਾਂ ਰਹਿ ਗਈ, ਪਰ ਇਸ ਵਿਚ ਰਹੱਸ ਜਾਂ ਸੁਆਦ, ਸ਼ਰਧਾ ਨਾ ਰਹੀ। ਇਹ ਕੇਵਲ ਇਕ ਦੂਜੇ ਤੇ ਰੰਗ, ਘੱਟਾ ਮਿੱਟੀ ਤੇ ਸੁਆਹ ਸੁੱਟਣ ਦਾ ਕੁਹਜਾ ਸ਼ੁਗਲ ਬਣ ਗਿਆ। ਸਿਆਣਿਆਂ ਤੇ ਦਰਦਮੰਦਾਂ ਨੇ ਅਜਿਹੇ ਵਤੀਰੇ ਤੇ ਖੇਦ ਤੇ ਦੁੱਖ ਪ੍ਰਗਟਾਇਆ। ਪਰਾਇਆਂ ਲਈ ਹਾਸੇ ਤੇ ਨਫ਼ਰਤ ਦਾ ਮੌਜੂ ਬਣ ਗਏ।

ਸਿੱਖ ਸਤਿਗੁਰਾਂ ਨੇ ਜੀਵਨ ਦੇ ਹਰ ਪੱਖ ਵਿਚ ਨਵੀਂ ਨੁਹਾਰ ਪ੍ਰਗਟਾਈ। ਦਸਮੇਸ਼ ਪਿਤਾ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ। ਇਹ ਇਕ ਮਹਾਨ ਦੂਰ-ਦ੍ਰਿਸ਼ਟੀ ਵਾਲਾ ਕਾਰਜ ਸੀ, ਜਿਸ ਦਾ ਪਰਤੱਖ ਪ੍ਰਭਾਵ


www.AKJ.Org

ਅੱਜ ਵੀ ਦਿਸਦਾ ਹੈ। ਦਸਮੇਸ਼ ਜੀ ਨੇ ਹੋਲੀ ਦੇ ਗੰਦੇ ਟੋਲਿਆਂ ਨੂੰ ਅਜਿੱਤ ਸ਼ਸਤਰਧਾਰੀ, ਆਪਾ-ਵਾਰੂ, ਮਰਜੀਵੜਿਆਂ ਦੇ ਜਥਿਆਂ ਦਾ ਰੂਪ ਦਿੱਤਾ। ਤਦੇ ਆਪ ਜੀ ਨੂੰ ਧਰਮ-ਰਖਿਅਕ, ਸ਼ਮਸ਼ੀਰ ਬਹਾਦੁਰ, ਸੰਤ ਸਿਪਾਹੀ ਅਤੇ ਫੌਜਾਂ ਵਾਲੇ ਆਖਿਆ ਜਾਂਦਾ ਹੈ। ਆਪ ਨੇ ਹਥਿਆਰਾਂ ਨੂੰ ਪੂਜਾ ਵਾਲੀ ਮਹਾਨ ਉਤਮ ਪਦਵੀ ਬਖ਼ਸ਼ੀ। ਆਪ ਨੇ ਸ਼ਸ਼ਤਰਾਂ ਦੀ ਏਥੋਂ ਤੱਕ ਵਡਿਆਈ ਕੀਤੀ–

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥ [ਦਸਮ ਗ੍ਰੰਥ, ਸ਼ਸਤ੍ਰਨਾਮ ਮਾਲਾ

੪. ਅਨੰਦਪੁਰ ਦਾ ਹੋਲਾ–ਸਤਿਗੁਰੂ ਹੋਲੇ ਸਮੇਂ ਅਨੰਦਪੁਰ ਸਾਹਿਬ ਦੇ ਮੈਦਾਨਾਂ ਵਿਚਆਪਣੇ ਸਿੰਘਾਂ ਨੂੰ ਜਥਿਆਂ ਵਿਚ ਵੰਡ ਦਿੰਦੇ। ਉਹਨਾਂ ਵਿਚ ਦਿਖਲਾਵੇ ਵਜੋਂ ਇਕ ਨਕਲੀ ਟਾਕਰੇ ਦਾ ਸਾਂਗ ਰਚਦੇ, ਤਾਂ ਜੁ ਖਾਲਸਾ ਫ਼ੌਜ ਰਣ-ਤੱਤੇ ਅੰਦਰ ਹੁੰਦੀ ਅਸਲੀ ਲੜਾਈ ਦੇ ਦਾਅ-ਪੇਚਾਂ, ਚਾਲਾਂ ਤੇ ਹਰਕਤਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰੇ। ਇਕ ਜਥੇ ਨੂੰ ਪੀਲੇ ਰੰਗ ਦੀ ਵਰਦੀ ਪਹਿਨਾਈ, ਦੂਜੇ ਨੂੰ ਕੇਸਰੀ ਰੰਗ ਦੀ। ਹੋਲਗੜ੍ਹ ਤੇ ਕਬਜ਼ਾ ਕਰਨ ਲਈ ਲੜਾਈ ਕੀਤੀ ਜਾਂਦੀ। ਪੀਲੀ ਵਰਦੀ ਵਾਲੇ ਆਪਣੇ ਬਚਾਉ ਲਈ ਮੋਰਚੇ ਪੁੱਟਦੇ। ਕਿਲ੍ਹੇ ਦੇ ਆਲੇ ਦੁਆਲੇ ਕਮਜ਼ੋਰ ਥਾਵਾਂ ਵੇਖ ਕੇ ਹਮਲੇ ਕਰਦੇ। ਅੰਦਰੋਂ ਕੇਸਰੀ ਦਸਤੇ ਕਿਲ੍ਹੇ ਦੇ ਝਰੋਖਿਆਂ ਵਿਚੋਂ ਦੀ ਵਾਰ ਕਰਦੇ। ਅਜਿਹੇ ਨਾਟਕੀ ਹਮਲਿਆਂ ਵਿਚ ਘੋੜਿਆਂ ਦੀ ਵੀ ਵਰਤੋਂ ਕੀਤੀ ਜਾਂਦੀ। ਸਤਿਗੁਰੂ ਆਪ ਵੀ ਇਕ ਪਾਸਿਓਂ ਲੜਦੇ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਉ ਹੁੰਦਾ, ਜੈਕਾਰੇ ਗੂੰਜਦੇ, ਹੱਲਾ-ਸ਼ੇਰੀਆਂ ਕੜਕਦੀਆਂ। ਅੰਤ ਫ਼ਤਹ ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਸਤਿਗੁਰਾਂ ਨੇ ਸਿੰਘਾਂ ਅੰਦਰ ਬੀਰ-ਰਸੀ ਜੋਸ਼ ਭਰਨ ਲਈ ਹੀ 'ਚੰਡੀ ਦੀ ਵਾਰ' ਵਿਚ ਦੁਰਗਾ ਤੇ ਦੈਂਤਾਂ ਦੇ ਜੰਗ ਦਾ ਨਜ਼ਾਰਾ ਇਉਂ ਦਿਖਾਇਆ :

ਚੋਟਾਂ ਪਵਨ ਨਗਾਰੇ ਅਣੀਆਂ ਜੁਟੀਆਂ ॥ ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ ॥
ਵਾਹਨ ਵਾਰੋ ਵਾਰੀ ਸੂਰੇ ਸੰਘਰੇ ॥ ਵਗੈ ਰੱਤੁ ਝੁਲਾਰੀ ਜਿਉ ਗੇਰੂ ਬਾਬੁਤ੍ਰਾ (ਝਲਾਰਾਂ, ਕੂਲਾਂ) ॥੧੧॥
ਲੱਖ ਨਗਾਰੇ ਵੱਜਨ ਆਮੋ ਸਾਮ੍ਹਣੇ ॥ ਰਾਕਸ ਰਣੋ ਨ ਭੱਜਨ ਰੋਹੇ ਰੋਹਲੇ ॥
ਸ਼ੀਹਾਂ ਵਾਂਗੂ ਗੱਜਨ ਸਭੇ ਸੂਰਮੇ ॥ ਤਣਿ ਤਣਿ ਕੈਬਰ (ਤੀਰ) ਛੱਡਨ ਦੁਰਗਾ ਸਾਮਣੇ ॥੧੨॥

ਅਜਿਹੀ ਸਵਾਂਗੀ ਲੜਾਈ ਉਪਰੰਤ ਕਲਗੀਧਰ ਜੀ ਸੂਰਮਿਆਂ ਨੂੰ ਘੋੜੇ, ਬਸਤਰ, ਕੈਂਠੇ, ਕੜੇ ਵੰਡਦੇ ਅਤੇ ਵਰ ਦਿੰਦੇ :–

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨ ਹੀ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੋ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਗਿਆਨ ਪ੍ਰਬੋਧ, ਅੰਤ ਵਿਚ

ਸੋ ਕਲਗੀਧਰ ਜੀ ਨੇ ਮਨੁੱਖਤਾ ਨੂੰ ਜਨਮ-ਜਨਮਾਂਤਰਾਂ ਦੀ ਪਸ਼ੂ-ਬਿਰਤੀ ਤੇ ਪਸ਼ੂ-ਬਲ ਤੋਂ ਮੁਕਤ ਕਰਵਾਇਆ ਅਤੇ ਹੋਲੀ ਨੂੰ 'ਹੋਲੇ' ਦਾ ਰੂਪ ਦੇ ਕੇ ਲੋਕਾਈ ਨੂੰ ਮਰਦਾਨਗੀ ਤੇ ਸ਼ੁੱਧਤਾ ਦੇ ਮੰਡਲਾਂ ਵਿਚ ਵਸਾਇਆ ਤੇ ਵਰੋਸਾਇਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸਿੰਘ ਆਮ ਕਰਕੇ, ਤੇ ਨਿਹੰਗ ਖ਼ਾਸ ਕਰਕੇ ਹੋਲਾ ਮਹੱਲਾ ਮਨਾਉਂਦੇ ਚਲੇ ਆ ਰਹੇ ਹਨ। ਹੋਲਗੜ੍ਹ ਦੇ ਮੈਦਾਨ ਵਿਚ ਤੰਬੂਆਂ, ਗੱਡਿਆਂ, ਟਰਾਲੀਆਂ, ਬੱਸਾਂ, ਟਰੱਕਾਂ ਦਾ ਸ਼ਹਿਰ ਵਸ ਜਾਂਦਾ ਹੈ। ਸਤਿਗੁਰਾਂ ਵਾਲੇ ਸਮੇਂ ਦੀਆਂ ਲੜਾਈਆਂ ਮੁਕਾਬਲਿਆਂ ਤੇ ਸ਼ਸਤਰ ਪ੍ਰਦਰਸ਼ਨੀਆਂ ਤੋਂ ਬਿਨਾਂ ਅੱਜ ਕੌਡੀਆਂ, ਛਾਲਾਂ, ਦੌੜਾਂ ਤੇ ਹੋਰ ਖੇਡਾਂ ਦੇ ਖੇਡਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਸਪੱਸ਼ਟ ਹੈ ਕਿ ਸਿੱਖ-ਪੰਥ ਹੋਲੀ ਦੇ ਪੁਰਾਤਨ ਪ੍ਰੰਪਰਾਗਤ ਰੂਪ ਨੂੰ ਸਵੀਕਾਰ ਨਹੀਂ ਕਰਦਾ, ਸਗੋਂ ਹੋਲੀ ਦੇ ਚਾਲੂ ਢੰਗ ਨਾਲ ਮਨਾਉਣ ਨੂੰ ਛੱਡ ਕੇ ਹੋਲਾ ਮਹੱਲਾ ਨੂੰ ਸੂਰਮਗਤੀ, ਜਵਾਂ-ਮਰਦੀ ਅਤੇ ਸੰਤ-ਸਿਪਾਹੀ ਬੀਣ ਦਾ


www.AKJ.Org

ਪ੍ਰਤੀਕ ਸਮਝਦਾ ਹੈ। ਹੋਲੀ ਨੂੰ ਸੰਤ-ਸੇਵਾ ਦੀ ਰੂਪ-ਰੇਖਾ ਪਰਵਾਨ ਕਰਦਾ ਹੈ। ਝੂਠ ਦੀ ਹਾਰ ਤੇ ਸੱਤ ਦੀ ਜਿੱਤ ਗਿਣਦਾ ਹੈ। ਹੋਲੀ ਸਮੇਂ ਅੰਦਰੋਂ ਹੋਲਕਾਂ ਵਾਲਾ ਕੂੜ ਕੁਸੱਤ ਤੇ ਦੰਭ ਕੱਢ ਕੇ, ਸਿਫ਼ਤ-ਸਲਾਹ, ਸੇਵਾ-ਸਿਮਰਨ, ਸਬਰ-ਸਿਦਕ, ਸਿਖਿਆ, ਸਤਿਆ, ਸੰਗਤ, ਸੰਗੀਤ; ਸ਼ਾਂਤੀ-ਸ਼ੁਕਰ ਤੇ ਸ਼ਕਤੀ-ਭਗਤੀ ਵੱਲ ਪ੍ਰੇਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਜਿਥੇ ਹੋਲਾ ਮਹੱਲਾ ਬੀਰ-ਰਸੀ ਕਰਤਵਾਂ ਦੁਆਰਾ ਜੰਗਾਂ-ਜੁਧਾਂ ਦੀਆਂ ਮਸ਼ਕਾਂ ਲਈ ਪ੍ਰੇਰਨਾ ਕੀਤੀ, ਉਥੇ ਹੋਲੇ ਨੂੰ ਨਾਮ-ਰੰਗਾਂ ਵਿਚ ਮਨਾਉਣ ਲਈ ਪੰਚਮ ਪਾਤਸ਼ਾਹ ਦੇ ਹੇਠ ਲਿਖੇ ਫ਼ੁਰਮਾਨ ਅਨੁਸਾਰ ਆਦੇਸ਼ ਦਿਤਾ—

> ਗੁਰ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
> ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
> ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ ਰਹਾਉ ॥
> ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ (ਪੰਨਾ ੧੧੮੦)

'ਹੋਲਾ ਮਹੱਲਾ' ਦਾ ਅਰਥ ਹੈ, 'ਹਮਲਾ' ਅਤੇ ਹਮਲੇ ਦੀ ਥਾਂ, ਜਾਂ ਹੱਲਾ ਅਤੇ ਹੱਲੇ ਦੀ ਥਾਂ। 'ਹੋਲਾ', ਹੋਲੀ ਦਾ ਮਰਦਾਊਪੁਣਾ ਜਾਂ ਪੁਰਖ ਲਿੰਗ ਹੈ। ਇਸ ਅਸਥਾਨ ਨੂੰ 'ਹੋਲਗੜ੍ਹ' ਆਖਿਆ ਜਾਂਦਾ ਸੀ। ਅੱਜ ਵੀ ਹੋਲਗੜ੍ਹ ਚੜ੍ਹ ਕੇ, ਚਰਨ ਗੰਗਾ ਪਾਰ ਕਰ ਕੇ, ਫਤੇਹਗੜ੍ਹ ਤੱਕ ਪੁਜਣ ਦੀ ਪ੍ਰਥਾ ਨੂੰ ਹੋਲੇ ਮਹੱਲੇ ਦੇ ਪੁਰਬ ਸਮੇਂ ਨਿਭਾਇਆ ਜਾਂਦਾ ਹੈ। ਇਸ ਸਮੇਂ ਯੁੱਧਾਂ ਨੂੰ ਮੁੱਖ ਰੱਖ ਕੇ ਸ਼ਸਤਰ ਚਲਾਉਣੇ, ਗੱਤਕਾ ਖੇਡਣਾ ਤੇ ਸ਼ਸਤਰ ਪ੍ਰਦਰਸ਼ਨੀ ਮੁੱਖ ਰੱਖੇ ਜਾਂਦੇ ਹਨ। ਭਾਵ, ਭਾਰਤੀਆਂ ਅੰਦਰ ਦੇਸ਼, ਕੌਮ, ਧਰਮ ਤੇ ਮਜ਼ਲੂਮ ਦੀ ਰੱਖਿਆ ਲਈ ਅਨੰਦਪੁਰ ਸਾਹਿਬ ਤੋਂ 'ਅਮਲੀ ਕਰਨੀ' ਦਾ ਸੁਨੇਹਾ ਤੇ ਜਜ਼ਬਾ ਆਪਣੇ ਨਾਲ ਲੈ ਜਾ ਕੇ ਕੋਨੇ ਕੋਨੇ ਵਿਚ ਪਹੁੰਚਾਣਾ ਤੇ ਪ੍ਰਸਾਰਨਾ ਹੈ। ਇਸ ਪੁਰਬ ਨੂੰ ਹਰ ਸਾਲ ਮਨਾਉਣ ਦਾ ਮਨੋਰਥ ਵੀ ਇਹੋ ਸੀ ਕਿ ਪੰਜਾਬੀਆਂ ਤੇ ਭਾਰਤੀਆਂ ਅੰਦਰ ਤੇ ਵਿਸੇਸ਼ ਤੌਰ ਤੇ ਖਾਲਸੇ ਵਿਚ ਯੁੱਧ-ਵਿਦਿਆ ਦਾ ਸ਼ੌਕ ਪੈਦਾ ਕਰਨਾ ਸੀ। ਗੁਰੂ ਨਾਨਕ ਦੇਵ ਜੀ ਨੇ : "ਪਰ ਅਧੀਨ ਸੁਪਨੇ ਸੁਖ ਨਾਹੀ"
ਦਾ ਆਦੇਸ਼ ਭਾਰਤੀਆਂ ਨੂੰ ਦਿੱਤਾ ਸੀ। ਇਸੇ ਆਦਰਸ਼ ਨੇ ਲੋਹ-ਪੁਰਸ਼ ਪੈਦਾ ਕੀਤੇ। ਹਰ ਸਾਲ ਗੁਰੂ ਖਾਲਸਾ ਹੋਲਾ ਮਹੱਲਾ ਮਨਾ ਕੇ ਆਪਣੀ ਸੂਰਮਗਤੀ, ਪਰੰਪਰਾ ਤੇ ਗੌਰਵ ਸਹਿਤ ਅਮਲ ਕਰਨ ਦਾ ਪ੍ਰਣ ਕਰਦਾ ਹੈ। ਇਹੋ ਜਜ਼ਬਾ ਹੈ ਜਿਸਦੇ ਤੁਫ਼ੈਲ ਅੱਜ ਵੀ ਸਿੰਘ ਸੂਰਮੇ ਹੱਸ-ਹੱਸ ਫਾਂਸੀ ਦੇ ਰੱਸਿਆਂ ਨੂੰ ਚੁੰਮਦੇ ਹਨ। ਜਿੰਨੇ ਸੁੰਦਰ ਆਪਾ-ਵਾਰੂ, ਮਰਜੀਵੜੇ ਮਹਾਂਬਲੀ ਇਸ ਨਿੱਕੀ ਜਿਹੀ ਕੌਮ ਨੇ ਥੋੜੇ ਸਮੇਂ ਅੰਦਰ ਸੰਸਾਰ ਨੂੰ ਦਿੱਤੇ, ਕਿਸੇ ਹੋਰ ਦੇਸ਼, ਕੌਮ ਜਾਂ ਧਰਮ ਨੇ ਨਹੀਂ ਦਿੱਤੇ। ਇਹਨਾਂ ਨੇ ਧਰਮ ਹੇਤ ਸੀਸ ਦਿੱਤੇ, ਚਰਖੜੀਆਂ ਤੇ ਚੜ੍ਹੇ, ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਆਰਿਆਂ ਨਾਲ ਚੀਰੇ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਪਰ ਸਰੂ ਕੱਦ ਖਾਲਸਾ, ਸਰੂ ਵਾਂਗ ਸਿਰ-ਕੱਢ ਖੜਾ ਹੈ। ਸੰਸਾਰ ਦੇ ਕੋਨੇ ਕੋਨੇ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਇਹ ਕੇਵਲ ਸਰਬੰਸ-ਦਾਨੀ ਪੰਥ ਦੇ ਵਾਲੀ, ਹੋਲੇ ਮਹੱਲੇ ਦੇ ਸੰਚਾਲਕ ਦੀਆਂ ਬਖ਼ਸ਼ਿਸ਼ਾਂ ਹਨ।

---

**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਸ਼ਹੀਦੀ ਸਾਕਾ ਨਨਕਾਣਾ ਸਾਹਿਬ—ਅੱਖੀਂ ਡਿਠੇ ਸਮਾਚਾਰ (੨)

[ਵਲੋਂ ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ]

ਫਰਵਰੀ ਸੂਰਾ ਵਿਚ ਇਸੇ ਕਲਮ ਤੋਂ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਸਮਾਚਾਰ ਦਿਤੇ ਗਏ ਸਨ। ਬਾਕੀ ਸਮਾਚਾਰ ਹੇਠਾਂ ਦਿਤੇ ਜਾ ਰਹੇ ਹਨ। ਇਸ ਖ਼ੂਨੀ ਸਾਕੇ ਸਮੇਂ ਤੁਰਤ ਫੁਰਤ ਜੋ ਇਸ਼ਤਿਹਾਰ ਅਕਾਲ ਤਖ਼ਤ ਸਾਹਿਬ ਵਲੋਂ ਛਪਵਾ ਕੇ ਥਾਂ-ਪਰ-ਥਾਂ ਭੇਜਿਆ ਗਿਆ ਸੀ, ਉਹ ਇਉਂ ਹੈ : —ਸੰਪਾਦਕ

੧ ਓ ਵਾਹਿਗੁਰੂ ਜੀ ਕੀ ਫਤਹ ।।

ਸ੍ਰੀ ਨਨਕਾਣੇ ਸਾਹਿਬ ਜੀ ਦੇ ਮਹੰਤ ਤੇ ਉਸਦੇ ਚੇਲੇ ਚਾਟੜੇ ਅਰ ਮੁਸ਼ਟੰਡਿਆਂ ਗੁੰਡਿਆਂ ਵੱਲੋਂ

## ਭਿਆਨਕ ਜ਼ੁਲਮ !

ਸਰਬੱਤ ਗੁਰੂ ਘਰ ਦੀਆਂ ਸੰਗਤਾਂ ਪ੍ਰਤਿ ਮਾਲੂਮ ਹੋਵੇ ਕਿ ਚੱਕ ਨੰਬਰ ੯੬ ਪਿੰਡ ਸਰੀਂਹ ਵਿੱਚ ਜੋ ਦੀਵਾਨ ੧੩-੧੪-੧੫ ਫੱਗਣ ਨੂੰ ਹੋਣ ਵਾਲਾ ਸੀ, ਉਸ ਦੀਵਾਨ ਦੀਆਂ ਸੰਗਤਾਂ ਲਈ ਸਾਡੇ ਕੁਝ ਸਿੰਘ ਗੁਰੂ ਘਰ ਦੇ ਲਾਲ ਲੰਗਰ ਲਈ ਰਸਦਾਂ ਤੇ ਬਾਲਣ ਆਦਿਕ ਦੇ ਗੱਡੇ ਲੈ ਕੇ ਜਾ ਰਹੇ ਸਨ, ਜਾਂਦੇ ਜਾਂਦੇ ਰਾਹ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਕੇਵਲ ਦਰਸ਼ਨਾਂ ਲਈ ਨਨਕਾਣੇ ਸਾਹਿਬ ਦੇ ਗੁਰਦਵਾਰੇ ਗਏ ਤਾਂ ਉਥੋਂ ਦੇ ਮਹੰਤ ਤੇ ਉਸ ਦੇ ਚੇਲੇ ਸਾਧੂਆਂ ਤੇ ਪਚਾਧਿਆਂ ਤੇ ਮੁਸ਼ਟੰਡਿਆਂ (ਜਿਨ੍ਹਾਂ ਅੱਗੇ ਹੀ ਸਿੰਘਾਂ ਨੂੰ ਮਾਰ ਦੇਣ ਲਈ ਤਿਆਰੀ ਕੀਤੀ ਹੋਈ ਸੀ) ਨੇ ਸੰਗਤਾਂ ਦੇ ਅੰਦਰ ਆ ਪਹੁੰਚਣ ਤੇ ਬਾਹਰੋਂ ਬੂਹੇ ਬੰਦ ਕਰਵਾ ਦਿੱਤੇ ਤੇ ਉਤੋਂ ਬੰਦੂਕਾਂ ਪਸਤੌਲਾਂ ਦੇ ਫ਼ਾਇਰ, ਛਵ੍ਹੀਆਂ, ਗੰਡਾਸਿਆਂ ਨ ਲ ਵਾਰ ਕਰਨੇ ਸ਼ੁਰੂ ਕਰ ਦਿੱਤੇ। ਬੱਸ ਫੇਰ ਕੀ ਸੀ ! ਗੁਰਦਵ੍ਹਾਰੇ ਅੰਦਰ ਲਹੂ ਦੀਆਂ ਨਦੀਆਂ ਚੱਲ ਪਈਆਂ। ਅੱਗੋਂ ਖਾਲਸੇ ਦੇ ਹੱਥ ਜੋੜਨੇ, ਨਿੰਮ੍ਰਤਾ ਕਰਨੀ ਤੇ ਆਖਣਾ ਕਿ ਅਸੀਂ ਤਾਂ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਆਏ ਹਾਂ, ਤੇ ਦੀਵਾਨ ਦੀਆਂ ਰਸਦਾਂ ਲੈ ਕੇ ਅੱਗੇ ਜਾ ਰਹੇ ਹਾਂ। ਪਰ ਕੌਣ ਸੁਣਦਾ ਸੀ ! ਸਿੱਖ ਵਾਹਿਗੁਰੂ ਵਾਹਿਗੁਰੂ ਤੇ ਅਕਾਲ ਅਕਾਲ ਆਖਦੇ ਸਨ ਅਤੇ ਸਾਧੂ ਤੇ ਮੁਸ਼ਟੰਡੇ ਅੱਗੋਂ ਛਵ੍ਹੀਆਂ ਮਾਰ ਮਾਰ ਕੇ ਸਿੰਘਾਂ ਨੂੰ ਸ਼ਹੀਦ ਕਰ ਰਹੇ ਸਨ। ਖਾਲਸਾ ਜੀ ! ਇਸ ਜ਼ੁਲਮ ਦੀ ਅੱਤ ਐਥੋਂ ਤਕ ਹੋਈ ਕਿ ਜ਼ਖਮੀ ਤੇ ਘਾਇਲ ਸਿੰਘਾਂ ਨੂੰ ਮਿੱਟੀ ਦੇ ਤੇਲ ਪਾ ਪਾ ਕੇ ਸਹਿਕਦਿਆਂ ਨੂੰ ਜੀਉਂਦੇ ਜੀ ਸਾੜ ਦਿਤਾ। ਬੇਅੰਤ ਤਾਰਾਂ ਆ ਰਹੀਆਂ ਹਨ।

ਖ਼ਾਲਸ਼ਾ ਜੀ ! ਹੁਣ ਆਪਦਾ ਫ਼ਰਜ਼ ਹੈ ਕਿ ਆਪ ਸੁਣਦੇ ਸਾਰ ਹੀ ਨਨਕਾਣੇ ਸਾਹਿਬ ਪਹੁੰਚ ਕੇ ਉਨ੍ਹਾਂ ਸ਼ਹੀਦਾਂ, ਸਿਦਕਵਾਨਾਂ ਤੇ ਸੰਤੋਖੀ ਵੀਰਾਂ ਦੀ ਜੋ ਸਵਾ ਕਰ ਸਕੋ ਤੇ ਛੇਤੀ ਪਹੁੰਚੋ। ਜੋ ਇਸ ਸਾਕੇ ਨੂੰ ਸੁਣ ਕੇ ਉਥੇ ਨ ਪਹੁੰਚੇਗਾ ਉਹ ਸਿੱਖ ਗੁਰੂ ਦਾ ਦੇਣਦਾਰ ਹੈ। ਆਸ਼ਾ ਹੈ ਕਿ ਸਾਰੀਆਂ ਸੰਗਤਾਂ ਆਪਣਾ ਫ਼ਰਜ਼ ਅਦਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸੁਰਖ਼ਰੂ ਹੋਣਗੀਆਂ।

ਗੁਰੂ ਪੰਥ ਦਾ-ਦਾਸ—ਸਟਨ ਸਿੰਘ ਸੇਵਕ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਜੀ

ਇਸਦੇ ਉਪ੍ਰੰਤ ਗੁਰਦਵਾਰੇ ਦਾ ਕਬਜ਼ਾ ਸਰਕਾਰ ਵਲੋਂ ਗੁਰੂ ਪੰਥ ਦੇ ਹਵਾਲੇ ਕੀਤਾ ਗਿਆ ਤੇ ਫ਼ੌਜ ਪੁਲੀਸ ਸਭ ਹਟਾ ਲਈ ਗਈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਜੀ, ਮੀਤ ਪ੍ਰਧਾਨ ਸਰਦਾਰ ਸੁੰਦਰ ਸਿੰਘ ਜੀ ਥਾਪੇ ਗਏ। ਸੰਗਤਾਂ ਦੇ ਵਹੀਰ ਬੇਅੰਤ ਪੁੱਜਦੇ ਰਹੇ, ਸੱਭ ਸੁਖ ਸ਼ਾਂਤਿ ਸਬਰ ਤੇ ਰਜ਼ਾ ਵਿਚ ਵਰਤਦੇ ਰਹੇ।

੨੨-੨-੨੧ ਨੂੰ ਸ: ਬ: ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਦੀ ਪ੍ਰੇਰਨਾ ਤੇ ਸਰ ਐਡਵਰਡ ਮੈਕਲੇਗਨ ਲਾਟ ਸਾਹਿਬ, ਹੋਰ ਆਨਰੇਬਲਾਂ ਤੇ ਅਫ਼ਸਰਾਂ ਨਾਲ ਸ੍ਰੀ ਨਨਕਾਣੇ ਸਾਹਿਬ ਪਹੁੰਚੇ। ਸਿੱਧੇ ਗੁਰਦਵਾਰੇ ਦੇ ਪਾਸ ਗੱਡੀ ਜਾ ਖਲਵਾਈ ਤੇ ਗੁਰਦਵਾਰੇ ਅੰਦਰ ਆਣ ਪਹੁੰਚੇ। ਏਤਨੇ ਨੂੰ ਸ: ਹਰਬੰਸ ਸਿੰਘ ਆਦਿ ਸੱਜਣ ਭੀ ਆਣ



www.AKJ.Org

ਪਹੁੰਚੇ। ਸਿੱਖ ਸੰਗਤਾਂ ਦੀ ਗਿਣਤੀ ਕਈ ਹਜ਼ਾਰ ਦੇ ਕਰੀਬ ਸੀ, ਪਰ ਸਬਰ ਸ਼ਾਂਤੀ ਵਿਚ ਸਭ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਸਨਮਾਨ ਕੀਤਾ ਤੇ ਸ੍ਰੀ ਹਜ਼ੂਰ ਨੇ ਪਹਿਲੋਂ ਖ਼ੂਨ ਦੇ ਚੁਬੱਚੇ ਵੇਖੇ, ਟੁਕੜੇ ਟੁਕੜੇ ਕਰਨ ਦੇ ਥਾਂ ਤੇ ਸਾਮਾਨ, ਲਾਸ਼ਾਂ, ਸੜੇ ਅੱਧ-ਸੜੇ ਸ਼ਹੀਦ, ਗੁਰਦਵਾਰੇ ਦੇ ਅੰਦਰ ਗੋਲੀਆਂ ਦੇ ਨਿਸ਼ਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਵਿਚ ਲੱਗੀਆਂ ਗੋਲੀਆਂ, ਰੁਮਾਲ ਚੰਦੋਏ ਵਿਚ ਲੱਗੀਆਂ ਗੋਲੀਆਂ, ਕਿਵਾੜਾਂ ਦੀ ਵੱਢ-ਕੱਟ, ਸ਼ੀਸ਼ੇ ਸੰਗਮਰਮਰ ਦੇ ਚੂਰ ਚੂਰ ਟੁਕੜੇ, ਗੁਰਦਵਾਰੇ ਦੇ ਪਿੰਜਰੇ ਵਿਚੋਂ ਕੱਢੀਆਂ ਸੀਖਾਂ, ਜਿਨ੍ਹਾਂ ਨਾਲ ਲਾਸ਼ਾਂ ਤੇ ਟੁਕੜੇ ਸਵਾਹ ਬੇਨਿਸ਼ਾਨ ਕਰਨ ਤੇ ਖੋਪਰੀਆਂ ਹੱਡੀਆਂ ਚੂਰ ਚੂਰ ਕਰਨ ਦੀ ਨੀਚਤਾ ਜ਼ਾਲਮ ਕਰਦੇ ਰਹੇ, ਓਹ ਵੇਖੀਆਂ। ਜਿਸ ਦਰੱਖਤ ਨਾਲ ਜੀਉਂਦੇ-ਜੀ ਗੁਰੂ ਦੁਲਾਰੇ ਬੰਨ੍ਹ ਕੇ ਤੇਲ ਪਾ ਕੇ ਸਾੜਦੇ ਰਹੇ, ਜਿਸ ਜਿਸ ਤਰ੍ਹਾਂ ਘਸੀਟ ਘਸੀਟ ਲਿਜਾਂਦੇ ਰਹੇ ਓਹ ਅਮਿੱਟ ਨਿਸ਼ਾਨ, ਚਾਰ ਲੋਥਾਂ, ਜਿਨ੍ਹਾਂ ਨੂੰ ਸਾੜਨ ਦਾ ਮੌਕਾ ਨਹੀਂ ਮਿਲਿਆ ਸੀ, ਬੇਦਰਦੀ ਦੀ ਕੱਟ ਵੱਢ, ਖ਼ੂਨ ਕੋਠੜੀਆਂ, ਜਿਸ ਸਮਾਧ ਵਿੱਚ ਦੋ ਫੱਟੜ ਕਤਲ ਕੀਤੇ ਸਨ, ਪ੍ਰਕਰਮਾਂ ਵਿੱਚ ਕੰਘੇ, ਕੇਸ ਤੇ ਜ਼ਾਲਮਾਂ ਦੇ ਚੁਰਟਾਂ ਦੇ ਨਿਸ਼ਾਨ ਵੇਖੇ, ਇੱਟਾਂ ਵੱਟਿਆਂ ਦੇ ਢੇਰ, ਦਰਵਾਜ਼ਿਆਂ ਦੀ ਮੋਰਚੇ-ਬੰਦੀ, ਸ਼ਹੀਦਾਂ ਦੇ ਕੜੇ ਕ੍ਰਿਪਾਨਾਂ, ਕਛਹਿਰੇ, ਅੰਦਰ ਦੇ ਬੰਦ ਖੂਹ ਦੇ ਫੱਟੇ ਉਤਾਰੇ ਹੋਏ, ਦਰੀਆਂ ਆਦਿ ਬਸਤਰ ਖ਼ੂਨ ਨਾਲ ਲੱਥ ਪੱਥ, ਗੱਲ ਕੀ ਸਭ ਕੁਝ ਪੂਰੇ ਧਿਆਨ ਨਾਲ ਵੇਖਿਆ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਜੀ ਆਦਿਕਾਂ ਨਾਲ ਜੋ ਵਰਤੀ, ਸਭ ਸੁਣੀ। ਜਦ ਆਪ ਵੱਡੇ ਦਰਵਾਜ਼ੇ ਵੱਲ ਕੀਮਾ ਕਰਨ ਵਾਲੀਆਂ ਕੋਠੜੀਆਂ ਦੇ ਨੇੜੇ ਪਹੁੰਚੇ ਤਦ ਚੌਦ੍ਹਾਂ ਪੰਦਰਾਂ ਹਜ਼ਾਰ ਦੀ ਸਾਰੀ ਸਿੱਖ ਸੰਗਤ ਨੇ ਇੱਕ-ਅਵਾਜ਼ ਹੋ ਕੇ ਆਖਿਆ ਕਿ :-ਇਹ ਸਾਡੇ ਨਾਲ ਜੋ ਕੁਝ ਭਿਆਨਕ ਜ਼ੁਲਮ ਹੋਇਆ ਹੈ, ਇਹ ਸਭ ਗੂੜ੍ਹੀ ਸਾਜ਼ਸ਼ ਦਾ ਨਤੀਜਾ ਹੈ। ਇਤਿਆਦਿਕ ਬਹੁਤ ਸਾਰੇ ਹਾਲ ਸਬਰ ਨਾਲ ਦੱਸੇ।

ਭਾਈ ਕਰਤਾਰ ਸਿੰਘ ਜੀ ਝੱਬਰ ਜੱਥੇਦਾਰ ਦੀ ਸੋਭਾ ਸੁਣ ਕੇ ਸਟੇਸ਼ਨ ਤੇ ਪਹੁੰਚ ਕੇ ਲਾਟ ਸਾਹਿਬ ਉਨ੍ਹਾਂ ਨੂੰ ਮਿਲੇ, ਗੱਲ ਕੱਥ ਕੀਤੀ। ਭਾਈ ਸਾਹਿਬ ਨੇ ਆਖਿਆ ਕਿ :-"ਨੌਕਰ-ਸ਼ਾਹੀ ਦੇ ਹੱਥੋਂ ਅਸੀਂ ਬਹੁਤ ਦੁਖੀ ਤੇ ਰੰਜ ਵਿੱਚ ਸਾਂ, ਪਰ ਜਿਸ ਦਿਨ ਤੋਂ ਤੁਸੀਂ ਸੂਬਾ ਪੰਜਾਬ ਦੀ ਹਕੂਮਤ ਹੱਥ ਵਿੱਚ ਲਈ ਹੈ, ਤੁਹਾਡੀ ਹੁਣ ਦੀ ਤੇ ਪਹਿਲੀ ਭਲੀ ਵਰਤੋਂ ਨੇ ਸਾਡੇ ਦਿਲਾਂ ਵਿੱਚ ਤੁਹਾਡੀ ਜ਼ਾਤ ਤੇ ਭਰੋਸਾ ਕਰਾ ਦਿੱਤਾ ਹੈ ਤੇ ਹਰ ਤਰ੍ਹਾਂ ਦੇ ਇਨਸਾਫ਼ ਦੀ ਆਸ ਬੱਝ ਗਈ ਹੈ। ਭਾਵੇਂ ਸਾਡੇ ੩੦ ਲੱਖ ਸਿੱਖਾਂ ਦੇ ਦਿਲ ਫੱਟੜ ਹੋ ਗਏ ਹਨ, ਪਰ ਅਸੀਂ ਹੁਣ ਇਨਸਾਫ਼ ਦਾ ਨਮੂਨਾ ਵੇਖਾਂਗੇ। ਜੇ ਅਜਿਹੇ ਭਿਆਨਕ ਕਾਰੇ ਵਰਤਣ ਨਾਲ ਭੀ ਸਾਡੇ ਨਾਲ ਇਨਸਾਫ਼ ਨਾ ਹੋਇਆ ਤਦ ਸਾਡੀ ਨਿਰਾਸਤਾ ਦਾ ਅੰਦਾਜ਼ਾ ਆਪ ਕਰ ਲਵੋ। ਇਸ ਤੋਂ ਵਧ ਹੋਰ ਸਬਰ ਕੀ ਹੋ ਸਕਦਾ ਹੈ ?" ਲਾਟ ਸਾਹਿਬ ਨੇ ਬੜੀ ਤਸੱਲੀ ਦਿੱਤੀ, ਪੂਰੇ ਇਨਸਾਫ਼ ਦਾ ਭਰੋਸਾ ਦਿਵਾਇਆ, ਹਮਦਰਦੀ ਵਰਤੀ। ਉਪ੍ਰੰਤ ਸ: ਹਰਬੰਸ ਸਿੰਘ ਜੀ ਨੂੰ ਸੱਦ ਕੇ ਸਾਰਾ ਮਾਮਲਾ ਵੇਖਣ ਤੇ ਦੁੱਖ ਤੇ ਹਮਦਰਦੀ ਪ੍ਰਗਟ ਕੀਤੀ ਅਰ ਕੌਮ ਨੂੰ ਪੂਰਾ ਇਨਸਾਫ਼ ਹੋਣ ਦੀ ਤਸੱਲੀ ਦੇਣ ਨੂੰ ਅਰ ਏਸੇ ਤਰ੍ਹਾਂ ਜ਼ਬਤ ਤੋਂ ਕੰਮ ਲੈਣ ਦੀ ਪ੍ਰੇਰਨਾ ਕੀਤੀ। ਸਰਦਾਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਜੇ ਸਾਡੇ ਨਾਲ ਕਿਸੇ ਪ੍ਰਕਾਰ ਦੀ ਅਯੋਗ ਵਰਤੋਂ ਜਾਂ ਕਿਸੇ ਤਰ੍ਹਾਂ ਦਾ ਹਮਲਾ ਨਾ ਹੋਇਆ ਤਦ ਸਾਡੇ ਵੱਲੋਂ ਕਿਸੇ ਭੀ ਅਮਨ ਵਿਚ ਭੰਗ ਨਹੀਂ ਪਵੇਗਾ। ਉਪਰੰਤ ਸਪੈਸ਼ਲ ਗੱਡੀ ਤੁਰ ਗਈ।

ਅੱਜ ਭੀ ਸੰਗਤਾਂ ਬੇਅੰਤ ਆਈਆਂ ਤੇ ਆਉਂਦੀਆਂ ਰਹੀਆਂ। ਗੱਡੀ ਆਉਣ ਜਾਣ ਦੀ ਖੁੱਲ੍ਹ ਹੋ ਗਈ। ਅਪਰਾਧੀਆਂ ਦੀ ਫੜਾ ਫੜੀ ਸ਼ੁਰੂ ਹੈ। ਹੋਰ ਸਭ ਤਰ੍ਹਾਂ ਸ਼ਾਂਤਿ ਰਹੀ। ਪ੍ਰਬੰਧਕਾਂ ਵੱਲੋਂ ਸ਼ਹੀਦਾਂ ਦਾ ਅੱਜ ਸਸਕਾਰ ਕਰਨ ਦੀ ਵਿਚਾਰ ਹੋਈ, ਪਰ ਕੁਝ ਸੇਵਕਾਂ ਨੇ ਰੋਕ ਦਿੱਤਾ ਕਿ ਸੰਗਤਾਂ ਰੁਕੀਆਂ ਹੋਈਆਂ ਹਨ, ਅਤੇ ਗੱਡੀ ਹੁਣ ਖੁਲ੍ਹੀ ਹੈ, ਇਸ ਲਈ ਕੱਲ੍ਹ ਉਡੀਕ ਕੇ ਸਸਕਾਰ ਕਰਨਾ, ਨਹੀਂ ਤੇ ਸੰਗਤਾਂ ਬਹੁਤ ਦੁੱਖ ਮੰਨਣਗੀਆਂ। ਛੇਕੜ ਕੱਲ ਤੇ ਹੀ ਵਿਚਾਰ ਰਹੀ। ਬਦਬੂ ਹਟਾਣ ਵਾਸਤੇ ਸਾਰੀ ਸਪਿਰਟ ਵਿੱਚ ਕਾਫ਼ੂਰ ਮਿਲਾ ਕੇ ਲਾਸ਼ਾਂ ਤੇ ਛਿੜਕੀਂਦਾ ਰਿਹਾ। ਹੋਰ ਸਭ ਸ਼ਾਂਤ ਰਹੀ।

੨੩-੨-੨੧ ਨੂੰ ਬੇਅੰਤ ਸੰਗਤਾਂ ਦੇ ਵਹੀਰ, ਬਹੁਤ ਸਾਰੇ ਗੁਰੂ ਦੁਲਾਰੇ ੨੦ ਤ੍ਰੀਕ ਦੇ ਤੁਰੇ ਹੋਏ ਸੌ ਸੌ ਕੋਹ


www.AKJ.Org

ਪੈਦਲ ਮੰਜ਼ਲ ਮੁਕਾ ਕੇ ਭੀ ਪਹੁੰਚ ਪਏ। ਲਾਹੌਰ ਗੱਡੀ ਵਿੱਚ ਭੀ ਬੇਅੰਤ ਸੰਗਤ ਸੀ, ਕਈ ਵਾਰ ਹੋਰ ਹੋਰ ਗੱਡੀਆਂ ਰੇਲਵੇ ਅਫ਼ਸਰਾਂ ਨੇ ਲਗਾਈਆਂ ਤਦ ਮਸਾਂ ਗੁਜ਼ਾਰਾ ਹੋਇਆ। ਸੰਗਤਾਂ ਚੜ੍ਹਨੋਂ ਅਜੇ ਬਹੁਤ ਬਾਕੀ ਸਨ ਕਿ ਰੇਲ ਤੁਰਨ ਲੱਗੀ, ਪਰ ਕਈ ਪਿਆਰੇ ਗੱਡੀ ਦੇ ਅੱਗੇ ਜਾ ਕੇ ਰੋਕ ਖੜੋਤੇ ਕਿ ਕੋਈ ਸਵਾਰੀ ਰਹਿ ਨਾ ਜਾਵੇ, ਗੱਡੀਆਂ ਲੋੜ ਅਨੁਸਾਰ ਹੋਰ ਲਗਾਓ। ਜੋਸ਼ ਅਦੁਤੀ ਸੀ। ਲਾਹੌਰ ਸਟੇਸ਼ਨ ਤੋਂ ਪ੍ਰੇਮੀਆਂ ਵੱਲੋਂ ਤਾਰ ਦਿੱਤੀ ਗਈ ਕਿ ਸਸਕਾਰ ਸੰਗਤ ਦੇ ਪਹੁੰਚਣ ਪਰ ਕੀਤਾ ਜਾਵੇ। ਸ੍ਰੀ ਨਨਕਾਣਾ ਸਾਹਿਬ ਗੱਡੀ ਦੇ ਪਹੁੰਚਣ ਸਾਰ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਨਾਲ ਦਲਾਂ ਦੇ ਦਲ ਗੁਰਦਵਾਰੇ ਵੱਲ ਤੁਰ ਪਏ। ਸ਼ਬਦਾਂ ਦੀ ਘਨਘੋਰ ਤੇ ਹਜ਼ਾਰਾਂ ਸੰਗਤਾਂ ਦੀ ਪਾਲ ਦਾ ਨਜ਼ਾਰਾ ਅਦੁਤੀ ਸੀ। ਗੁਰਦਵਾਰੇ ਤੋਂ ਥੋੜ੍ਹਾ ਉਰੇ ਅਕਾਲੀ ਦਲ ਦੇ ਕੁਝ ਸੱਜਣਾਂ ਨੇ ਸੰਗਤ ਨੂੰ ਖੜੇ ਕਰ ਕੇ ਬੇਨਤੀ ਕੀਤੀ, "ਸਤਿਗੁਰੂ ਜੀ ਦੇ ਦੁਲਾਰਿਓ! ਭਾਣਾ ਅਮਿੱਟ ਹੈ ਤੇ ਸਭ ਕੁਝ ਗੁਰੂ ਦੇ ਹੁਕਮ ਵਿੱਚ ਹੈ। ਸਿੱਖਾਂ ਦਾ ਧਰਮ ਰਜ਼ਾ ਤੇ ਰਾਜ਼ੀ ਰਹਿਣਾ ਹੈ। ਸੋ ਹੁਣ ਤੁਸੀਂ ਗੁਰਦਵਾਰੇ ਪਹੁੰਚਣਾ ਹੈ, ਪਰ ਯਾਦ ਰੱਖਣਾ ਪੂਰੀ ਸ਼ਾਂਤੀ ਤੇ ਸਬਰ ਨਾਲ। ਕਿਸੇ ਤਰ੍ਹਾਂ ਦਾ ਕੋਈ ਜੋਸ਼ ਗੁੱਸਾ ਨਹੀਂ ਵਰਤਣਾ, ਧੀਰਜ ਨਾਲ ਸਭ ਕੁਝ ਜਰਨਾ ਹੈ, ਕਿਸੇ ਨਾਲ ਮੰਦਾ ਨਹੀਂ ਵਰਤਣਾ।" ਇਹ ਸੁਨੇਹਾ ਸੁਣਾ ਸੰਗਤਾਂ ਨੂੰ ਤੋਰਿਆ ਗਿਆ।

ਅੱਗੇ ਗੁਰਦੁਆਰੇ ਦੇ ਬੂਹੇ ਦੇ ਬਾਹਰ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਸ: ਤੇਜਾ ਸਿੰਘ ਜੀ ਅਕਾਲੀ ਅਵਾਜ਼ਾਂ ਦੇ ਰਹੇ ਸਨ, ਖਾਲਸਾ ਜੀ! ਧੀਰਜ ਨਾਲ, ਸ਼ਾਂਤੀ ਨਾਲ, ਕਿਸੇ ਤਰ੍ਹਾਂ ਦੇ ਜੋਸ਼ ਤੋਂ ਕੰਮ ਨਹੀਂ ਲੈਣਾ, ਭਾਣਾ ਮੰਨਣਾ ਹੈ, ਆਦਿਕ!

ਵੱਡਾ ਦਰਵਾਜ਼ਾ ਬੰਦ ਸੀ, ਦੂਜੇ ਦਰਵਾਜ਼ਿਓਂ ਸੰਗਤਾਂ ਅੰਦਰ ਪਹੁੰਚੀਆਂ, ਅੰਦਰ ਦੇ ਦ੍ਰਿਸ਼ਯ, ਜੋ ਉੱਪਰ ਦਰਜ ਹੋ ਚੁੱਕੇ ਹਨ, ਜਿਉਂ ਕੇ ਤਿਉਂ ਵੇਖ ਕੇ ਦਿਲ ਟੁੱਟਦੇ ਤੇ ਕਾਲਜੇ ਫੱਟਦੇ ਸਨ। ਸਭ ਥਾਵਾਂ ਅੱਡ ਅੱਡ ਵੇਖ, ਸ਼ਹੀਦ ਸਿੰਘਾਂ ਦੇ ਦਰਸ਼ਨ ਕਰ, ਗੁਰਦਵਾਰੇ ਦੀ ਪ੍ਰਕਰਮਾ ਹੇਠ ਉੱਪਰ ਪਾਪੀ ਜ਼ਾਲਮਾਂ ਦੀਆਂ ਕਰਤੂਤਾਂ ਤੇ ਹਰ ਇਕ ਦੇ ਅੰਦਰੋਂ ਫਿਟਕਾਰਾਂ ਹੀ ਨਿਕਲਦੀਆਂ ਸਨ। ਸਭ ਹਾਲ ਵੇਖ ਸੁਣ ਸੁਣਾ ਕੇ ਸੰਗਤਾਂ ਕੋਈ ਦੀਵਾਨ ਵਿੱਚ, ਕੋਈ ਪ੍ਰਕਰਮਾ ਵਿੱਚ, ਕੋਈ ਮੰਦਰਾਂ ਵਿੱਚ, ਸਭ ਥਾਂ-ਪਰ-ਥਾਂ ਹੋ ਗਈਆਂ ਤੇ ਸਸਕਾਰ ਦੀ ਤਿਆਰੀ ਹੋਣ ਲੱਗੀ।

ਸਬਰ ਸੰਤੋਖ ਵਾਲੀ ਪੰਜ ਬੱਚਿਆਂ ਤੇ ਇਕ ਪ੍ਰੋਤਰੇ ਦੇ ਸ਼ਹੀਦ ਹੋਣ ਵਾਲੀ ਮਾਤਾ ਦੇ ਦਰਸ਼ਨ ਹੋਏ। ਧੰਨ ਮਾਤਾ!! ਇਕ ਹੋਰ ਸ਼ਹੀਦ ਦੀ ਮਾਤਾ ਤੇ ਧਰਮ-ਪਤਨੀ ਆਈਆਂ। ਮਾਈ ਨੇ ਕਿਹਾ, ਅਸੀਂ ਰੋਣਾ ਨਹੀਂ, ਦਰਸ਼ਨ ਕਰਨਾ ਹੈ। ਇਕ ਹੋਰ ਮਾਈ ਜੀ ਨੇ ਸ਼ਹੀਦ ਬੱਚੇ ਦਾ ਛੜਾ ਪੈਰ ਵੇਖ ਕੇ, ਪਛਾਣ ਕੇ, ਚੁੰਮ ਕੇ, ਛਾਤੀ ਨਾਲ ਲਾ ਕੇ ਦੱਸਿਆ ਕਿ ਮੇਰੇ ਲਾਲ ਨੇ ਆਉਂਦੀ ਵਾਰ ਆਖਿਆ ਸੀ ਕਿ ਮਾਂ, ਜੇ ਮੈਂ ਸ਼ਹੀਦ ਹੋ ਗਿਆ ਤਾਂ ਮੇਰੇ ਪੈਰ ਦਾ ਆਹ ਨਿਸ਼ਾਨ ਵੇਖ ਕੇ ਪਛਾਣ ਲਵੀਂ ਤੇ ਰੋਵੀਂ ਨਾ। ਇਕ ਹੋਰ ਮਾਈ ਜੀ ਨੇ ਦੱਸਿਆ ਕਿ ਮੇਰਾ ਸ਼ਹੀਦ ਬੱਚਾ ਤੁਰਦੀ ਵਾਰ ਆਖਦਾ ਸੀ ਕਿ ਮਾਤਾ ਜੀ! ਹੁਣ ਤੱਕ ਤਾਂ ਸਰਕਾਰ ਤੋਂ ਪੈਨਸ਼ਨ ਲਈ ਹੈ, ਹੁਣ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੀ ਨੌਕਰੀ ਵਿੱਚ ਹਾਜ਼ਰ ਹੋ ਜਾਣਾ ਹੈ। ਇਕ ਮਾਈ ਜੀ ਨੇ ਦੱਸਿਆ, ਮੇਰਾ ਸ਼ਹੀਦ ਬੱਚਾ ਰੋਜ਼ ਮੈਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਂਦਾ ਸੀ, ਹੁਣ ਮੈਂ ਕਿੱਥੋਂ ਸੁਣਾਂਗੀ? ਸ: ਦਲੀਪ ਸਿੰਘ ਜੀ ਦੇ ਭੈਣ ਜੀ ਦੀ ਵੈਰਾਗ-ਮਈ ਦਸ਼ਾ ਦਾ ਕੁਝ ਅੰਤ ਹੀ ਨਹੀਂ ਸੀ। ਜੇ ਬੀਬੀ ਜੀ ਤੇ ਕਈ ਗੁਰਮੁਖਾਂ ਦਾ ਪਹਿਰਾ ਨਾ ਲਗਾਇਆ ਜਾਂਦਾ ਤਾਂ ਬੀਬੀ ਜੀ ਜ਼ਰੂਰ ਅੰਗੀਠੇ ਵਿੱਚ ਕੁੱਦ ਪੈਂਦੇ।

ਸਿਦਕ ਭਰੋਸੇ ਦੀ ਪਵਿੱਤਰ ਮੂਰਤੀ ਧਰਮ-ਪਤਨੀ ਸ਼ਰੋਮਣੀ ਸ਼ਹੀਦ ਸਰਦਾਰ ਲਛਮਣ ਸਿੰਘ ਜੀ ਪਾਸ ਕਈ ਵੀਰਾਂ ਨੇ ਵੈਰਾਗ-ਮਈ ਹਮਦਰਦੀ ਪ੍ਰਗਟ ਕੀਤੀ। ਬੀਰ ਭੈਣ ਜੀ ਨੇ ਦੱਸਿਆ ਕਿ ਮੇਰੇ ਪਿਆਰੇ ਪਤੀ ਜੀ ਦੀ ਤੀਬਰ ਇੱਛਾ ਸੀ ਕਿ ਮੇਰੀ ਕੁਰਬਾਨੀ ਸ੍ਰੀ ਨਨਕਾਣੇ ਸਾਹਿਬ ਜੀ ਦੇ ਗੁਰਦੁਆਰੇ ਦੀ ਸੇਵਾ ਨਮਿੱਤ ਲੱਗੇ। ਚੰਗਾ ਹੁੰਦਾ ਮੈਂ ਨਿਭਾਗਣ ਭੀ ਉਨ੍ਹਾਂ ਦੇ ਨਾਲ ਹੀ ਹੁੰਦੀ। ਗੁਰਮੁਖ ਵੀਰੋ! ਮੇਰੇ ਸਿਰਤਾਜ ਜੇ ਆਪਣੇ ਘਰ ਗੁਰਪੁਰੀ ਸਿਧਾਰਦੇ ਤਾਂ ਤੁਸਾਂ ਕਦ ਪਹੁੰਚਣਾ ਸੀ, ਹੁਣ ਬੇਅੰਤ ਗੁਰਸਿੱਖ ਹਮਦਰਦੀ ਕਰ ਰਹੇ ਹਨ, ਸ਼ੁਕਰ ਹੈ!


www.AKJ.Org

ਉੱਥੇ ਹੀ ਇਕ ਸਿੰਘ ਭਾਈ ਗੰਡਾ ਸਿੰਘ ਜੀ ਪਿੰਡ ਨਜ਼ਾਮਪੁਰਾ ਚੇਲੇ ਵਾਲਾ ਦੇਖ ਰਹੇ ਸਨ। ਉਹਨਾਂ ਦੱਸਿਆ ਕਿ ਭਾਈ ਲਛਮਣ ਸਿੰਘ ਜੀ ਨਾਲ ਜੋ ਸਿੰਘ ਆਏ ਸਨ, ਉਨ੍ਹਾਂ ਵਿੱਚ ਪੰਜ ਭਰਾ ਤੇ ਇਕ ਹੋਰ ਸੰਬੰਧੀ ਪਿੰਡ ਥੋਥੀਆਂ ਦੇ, ੧੫ ਸਿੰਘ ਦੇਵਾ ਸਿੰਘ ਵਾਲੇ ਨਮਾਜ਼ਪੁਰ ਦੇ, ੫ ਚੇਲੇਵਾਲੇ ਨਜ਼ਾਮਪੁਰ ਦੇ, ੩ ਮੂਲਾ ਵਾਲੇ ਨਮਾਜ਼ਪੁਰ ਦੇ, ੧੧ ਸਿੰਘ ਪੰਨੂੰ ਵਾਲੇ ਦੇ, ੫ ਸ਼ਾਹ ਕੋਟ ਦੇ, ੩ ਬਹੋੜ ਦੇ ਤੇ ੫ ਬਾਰੋ ਵਾਲੀ ਦੇ ਸਨ, ਜੋ ਸ਼ਹੀਦ ਹੋਏ ਹਨ ਅਤੇ ਜਿਨ੍ਹਾਂ ਦਾ ਮੈਨੂੰ ਪਤਾ ਹੈ। ਏਸੇ ਤਰ੍ਹਾਂ ਹੋਰ ਹੋਰ ਪਿੰਡਾਂ ਦੇ ਸ਼ੇਰ ਬਹਾਦਰ ਸਨ। ਇਤਨੇ ਨੂੰ ਇਕ ਹੋਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿੱਚ ਕਈ ਇਕ ਫ਼ੌਜੀ ਸ਼ੇਰ-ਜਵਾਨ ਕ੍ਰਿਪਾਨ-ਬਹਾਦਰ ਮੰਗਲ ਸਿੰਘ ਜੀ ਵਰਗੇ ਅਜਿਹੇ ਭੀ ਸ਼ਹੀਦ ਹੋਏ ਹਨ ਜਿਨ੍ਹਾਂ ਨੇ ਇੱਕੀ ਇੱਕੀ ਵਰ੍ਹੇ ਰਸਾਲੇ ਤੇ ਫ਼ੌਜ ਵਿਚ ਨੌਕਰੀ ਕਰ ਕੇ ਵੱਧ ਤੋਂ ਵੱਧ ਬਹਾਦਰੀਆਂ ਦੇ ਸਰਟੀਫ਼ਿਕੇਟ ਹਾਸਲ ਕੀਤੇ ਹਨ, ਅਤੇ ਜੇ ਉਹ ਸਾਹਮਣਾ ਮੁਕਾਬਲਾ ਕਰਦੇ ਤਦ ਵੱਡੀਆਂ ਕ੍ਰਿਪਾਨਾਂ ਤੇ ਸਫ਼ਾ-ਜੰਗ ਜੋ ਉਨ੍ਹਾਂ ਦੇ ਪਾਸ ਸਨ, ਵਰਤ ਕੇ ਨੀਚ ਮਹੰਤ ਦੇ ਬੇਅੰਤ ਆਦਮੀ ਫ਼ਨਾਹ ਕਰ ਦਿੰਦੇ ਅਤੇ ਉਨ੍ਹਾਂ ਦੀਆਂ ਬੰਦੂਕਾਂ ਛਵ੍ਹੀਆਂ ਖੋਹ ਲੈਂਦੇ। ਪਰ ਧੰਨ ਹਨ ਸ਼ੇਰ-ਬਹਾਦਰ, ਜਿਨ੍ਹਾਂ ਨੇ ਅਜਿਹਾ ਸੱਚਾ ਹੱਠ ਤੇ ਪ੍ਰਣ ਪਾਲਿਆ, ਜਿਸ ਦੀ ਮਿਸਾਲ ਸੰਸਾਰ ਦਾ ਜਦ ਤੋਂ ਇਤਿਹਾਸ ਬਣਿਆ ਹੈ ਤਦ ਤੋਂ ਹੀ ਨਹੀਂ ਮਿਲਦੀ। ਇੱਕ ਹੋਰ ਸਿੰਘ ਬਾਹਰ ਦੇ ਭੱਠ ਪਾਸ ਖੜੇ ਆਖ ਰਹੇ ਸਨ ਕਿ "ਮੈਂ ਰਾਜਗਿਰੀ ਦਾ ਕੰਮ ਕਰਦਾ ਹਾਂ, ਗੁਰਦੁਆਰੇ ਤੋਂ ਵੀਹ ਕੁ ਕਰਮਾਂ ਤੇ ਮੇਰਾ ਘਰ ਹੈ। ਮੈਂ ਆਪ ਜੀ-ਭਿਆਣਾ ਕੋਠੇ ਤੋਂ ਇਹ ਕਤਲੇਆਮ ਵੇਖਦਾ ਰਿਹਾ ਹਾਂ। ਬਾਹਰ ਦੇ ਭੱਠ ਵਿੱਚ ਜੋ ਗੁਰੂ ਦੁਲਾਰੇ ਸਾੜੇ ਗਏ ਹਨ, ਇਹ ਬੂਹਾ ਖੁੱਲ੍ਹਣ ਪਰ ਬਾਹਰ ਆ ਗਏ ਸਨ। ਇਨ੍ਹਾਂ ਦੇ ਪਿਛੇ ਜ਼ਾਲਮ ਆਏ ਤੇ ਫੜ ਕੇ ਜੀਊਂਦੇ ਹੀ ਭੱਠ ਵਿੱਚ ਸੁਟ ਕੇ ਸਾੜ ਦਿਤੇ ਗਏ। ਏਸੇ ਤਰ੍ਹਾਂ ਅੰਦਰ ਜੰਡ ਦੇ ਬ੍ਰਿਛ ਪਾਸ ਖੜੇ ਇੱਕ ਸਿੰਘ ਜੀ ਨੇ ਦਸਿਆ ਕਿ ਇਸ ਦਰੱਖ਼ਤ ਨਾਲ ਬੰਨ੍ਹ ਕੇ ਗੁਰੂ ਦੁਲਾਰਾ ਸਾੜਿਆ ਗਿਆ ਹੈ, ਇਹ ਭੀ ਫੱਟੜ ਹੋ ਕੇ ਬਾਹਰ ਵੱਲ ਆਇਆ ਸੀ, ਜੋ ਫੜ ਕੇ ਇਸ ਤਰ੍ਹਾਂ ਸਾੜਿਆ ਗਿਆ। ਕੋਈ ਆਖਦਾ ਸੀ ਬਹੁਤ ਸਾਰੀਆਂ ਗਾਤਰੇ ਦੀਆਂ ਕ੍ਰਿਪਾਨਾਂ ਆਦਿ ਉਸ ਡੂੰਘੇ ਖੂਹ ਵਿੱਚ ਸੁਟੀਆਂ ਗਈਆਂ ਹਨ, ਖੂਹ ਵਿੱਚ ਏਨਾ ਪਾਣੀ ਹੈ ਕਿ ਕੋਈ ਥਾਹ ਹੀ ਨਹੀਂ। ਕੋਈ ਆਖਦਾ ਸੀ, ਟੋਭੇ ਜਾਣ ਕੇ ਹੇਠਾਂ ਤੱਕ ਨਹੀਂ ਪਹੁੰਚਦੇ। ਕੋਈ ਆਖਦਾ ਸੀ, ਤੇਲ ਮਿੱਟੀ ਦੇ ਪੀਪੇ ਜਦ ਮੁੱਕ ਗਏ, ਤਦ ਇੱਕ ਦੁਕਾਨ ਦਾ ਜੰਦਰਾ ਭੰਨ ਕੇ ਹੋਰ ਤੇਲ ਦੇ ਪੀਪੇ ਕੱਢ ਲਿਆਂਦੇ ਸਨ, ਆਦਿਕ। ਦਾਸ ਨੇ ਬਹੁਤ ਸਾਰੇ ਨਾਮ ਪਤੇ ਨੋਟ ਕਰਨ ਦਾ ਵਿਚਾਰ ਕੀਤਾ, ਪਰ ਪਤਾ ਲੱਗਾ ਜੋ ਆਪਣੀ ਪੜਤਾਲੀਆ ਕਮੇਟੀ ਤੇ ਪੁਲੀਸ ਬਹੁਤ ਸਾਰੇ ਨੋਟ ਲੈ ਚੁੱਕੀ ਹੈ। ਇਤਿ ਆਦਿਕ ਭਾਂਤਿ ਭਾਂਤਿ ਦੇ ਸ੍ਰੋਤ ਭਰੇ ਮਜਮੇ ਵਿੱਚ ਹੋ ਰਹੇ ਸਨ, ਜਿਨ੍ਹਾਂ ਦੀ ਸਚਿਆਈ ਵਾਸਤੇ ਪ੍ਰਬੰਧਕਾਂ ਪਾਸ ਆਪਣੀ ਖ਼ਾਸ ਕਮੀਸ਼ਨ ਬਿਠਾਣ ਵਾਸਤੇ ਬੇਨਤੀ ਕੀਤੀ ਗਈ। ਜਿਸ ਤੇ ਪਤਾ ਲੱਗਾ ਕਿ ਅਜਿਹਾ ਪ੍ਰਬੰਧ ਪਹਿਲੇ ਹੀ ਕੀਤਾ ਗਿਆ ਹੈ ਤੇ ਬਿਆਨ ਪਤੇ ਆਦਿ ਲਏ ਜਾ ਰਹੇ ਹਨ। ਇਹ ਭੀ ਆਮ ਆਖ ਰਹੇ ਸਨ ਕਿ ਜਿਹੜੀ ਲੋਥ ਕਿਸੇ ਸਾਧ ਦੀ ਦੱਸੀ ਜਾ ਰਹੀ ਹੈ, ਇਸ ਦਾ ਲੰਗੋਟ ਨਵੇਂ ਕੱਪੜੇ ਦਾ ਹੈ, ਤੜਾਗੀ ਦਾ ਕੋਈ ਨਿਸ਼ਾਨ ਨਹੀਂ, ਕੇਸ ਉੱਪਰ ਬੱਧੇ ਹੋਏ ਹਨ, ਜੜਾਵਾਂ ਨਹੀਂ ਹਨ। ਇਹ ਪ੍ਰਤੀਤ ਹੁੰਦਾ ਹੈ ਕਿ ਪਾਪੀ ਮਹੰਤ ਵਲੋਂ ਸਿੱਖਾਂ ਦੀ ਸ਼ਕਲ ਵਿਗਾੜਨ ਤੇ ਇਹ ਦੱਸਣ ਵਾਸਤੇ ਕਿ ਕਈ ਸਾਧ ਭੀ ਮਾਰੇ ਗਏ ਹਨ, ਚਾਲ ਚੱਲੀ ਜਾਣ ਲੱਗੀ ਸੀ, ਪਰ ਉਸਨੂੰ ਹੋਰ ਸਮਾਂ ਨਹੀਂ ਮਿਲਿਆ।

ਹੁਣ ਅੰਗੀਠਾ ਤਿਆਰ ਹੋ ਚੁੱਕਾ ਸੀ ਤੇ ਪਹਿਲੋਂ ਪਵਿੱਤਰ ਲੋਥਾਂ ਉਸ ਤੇ ਟਿਕਾਣੀਆਂ ਅਰੰਭ ਹੋਈਆਂ, ਉਪ੍ਰੰਤ ਹੋਰ ਹੋਰ ਬਾਕੀ ਹਿਸੇ। ਚਾਰ ਲੋਥਾਂ ਡਾਢੀ ਬੇਰਹਿਮੀ ਨਾਲ ਗੋਲੀਆਂ ਦੇ ਨਿਸ਼ਾਨਾਂ ਤੇ ਛਾਤੀ ਗਰਦਨ ਆਦਿ ਤੇ ਕਾਰੀ ਭਿਆਨਕ ਫੱਟ ਲਗੇ ਹੋਏ ਵਾਲੀਆਂ ਸਨ, ੧੧੯ (ਇੱਕ ਸੌ ਉਨੀ) ਖੋਪਰੀਆਂ ਸਾਬਤ ਜੋ ਅੰਦਰ ਦੀਆਂ ਪੰਜ ਭੱਠੀਆਂ ਵਿਚੋਂ ਸਨ, ੭ ਆਵੀ ਬਾਹਰ ਦੀ ਵਿਚੋਂ, ੩ ਟੋਕਰੇ ਕੀਮੇ ਦੀ ਤਰ੍ਹਾਂ ਕੀਤੇ ਮਾਸ ਦੇ ਟੁਕੜੇ, ੧੦ ਕੁ ਟੋਕਰੇ ਹੋਰ ਚੂਰ ਭੂਰ ਰਾਖ ਦੀ ਸ਼ਕਲ ਵਿੱਚ ਅੰਗੀਠੇ ਵਿੱਚ ਇਕੱਤਰ ਕਰ ਕੇ ਸਸਕਾਰ ਦੀ ਤਿਆਰੀ ਕੀਤੀ ਗਈ। ਚਾਰ ਚੁਫੇਰੇ ਵੈਰਾਗਮਈ ਦਸ਼ਾ ਵਿੱਚ ਗੁਰਸਿੱਖ ਜਥੇਦਾਰ ਜੀ ਪ੍ਰੇਰਨਾ ਅਨੁਸਾਰ ਜਪੁ ਜੀ ਸਾਹਿਬ ਦੇ


www.AKJ.Org

ਪਾਠ ਦੀ ਧੁਨੀ ਗੂੰਜ ਰਹੀ ਸੀ। ਜਿਨ੍ਹਾਂ ਨੂੰ ਪਾਠ ਨਹੀਂ ਮਨ ਆਉਂਦੇ, ਉਹ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰ ਰਹੇ ਸਨ। ਅੰਗੀਠਾ ਤਿਆਰ ਹੋ ਜਾਣ ਪਰ ਸ੍ਰੀਮਾਨ ਮਾਸਟਰ ਜੋਧ ਸਿੰਘ ਜੀ ਪ੍ਰਿੰਸੀਪਲ ਸ੍ਰੀ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਨੇ ਸੰਗਤਾਂ ਪਾਸ ਖੁੱਲ੍ਹੇ ਮੈਦਾਨ ਵਿਚ ਦੀਵਾਨ ਲਗਾਣ ਦੀ ਬੇਨਤੀ ਕੀਤੀ। ਪਰ ਦਸ ਪੰਦਰ੍ਹਾਂ ਹਜ਼ਾਰ ਖਾਲਸਾ ਜੀ ਬਾਹਰ ਜਾਣਾ ਨਹੀਂ ਚਾਹੁੰਦੇ ਸਨ ਤੇ ਅੰਗੀਠੇ ਦੇ ਇਰਦ ਗਿਰਦ ਵੈਰਾਗ-ਮਈ ਦਸ਼ਾ ਵਿੱਚ ਹੀ ਸੁਣਨ ਦੀ ਇੱਛਾ ਪ੍ਰਗਟ ਕਰਨ ਪਰ ਉੱਥੇ ਹੀ ਉਨ੍ਹਾਂ ਨੇ ਇੱਕ ਉਚੀ ਕੰਧ ਤੇ ਖੜੇ ਹੋ ਕੇ ਦਸਿਆ ਕਿ :-

"ਖਾਲਸਾ ਜੀ! ਸੰਸਾਰ ਵਿੱਚ ਕੋਈ ਵੀ ਕੌਮ ਸ਼ਹਾਦਤ ਦੇ ਬਿਨਾਂ ਜੀਊਂਦੀ ਨਹੀਂ ਰਹਿ ਸਕਦੀ। ਉੱਨਤੀ ਉਹੋ ਕੌਮ ਕਰ ਸਕਦੀ ਹੈ ਜੋ ਵੱਧ ਤੋਂ ਵੱਧ ਕਸ਼ਟ ਸਬਰ ਨਾਲ ਸਹਾਰੇ, ਪਰ ਆਪਣੇ ਲਖਸ਼ ਤੇ ਦ੍ਰਿੜ੍ਹ ਰਹੇ। ਸਿੱਖ ਇਤਿਹਾਸ ਸਭ ਤੋਂ ਵਧ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਅਨੇਕਾਂ ਕਸ਼ਟ ਸਹਾਰਨ ਪਰ ਭੀ ਸਿੱਖ ਕਦੇ ਹਿੰਮਤ ਹਾਰ ਕੇ ਨਹੀਂ ਬੈਠਾ। ਜਿਸ ਤਰ੍ਹਾਂ ਵੱਧ ਤੋਂ ਵੱਧ ਸਿੱਖਾਂ ਤੇ ਜ਼ੁਲਮ ਹੁੰਦੇ ਰਹੇ, ਉਸ ਉਸ ਤਰ੍ਹਾਂ ਇਹ ਵੱਧ ਤੋਂ ਵੱਧ ਜ਼ੁਲਮ ਦਾ ਨਾਸ ਕਰਨ ਵਾਸਤੇ ਹਿੰਮਤ ਕਰਦੇ ਰਹੇ। ਅਰ ਜਿੰਨੇ ਵੱਧ ਪਾਪਾਂ ਦਾ ਨਸ਼ਟ ਕਰਨਾ ਹੁੰਦਾ ਹੈ ਓਨੀ ਹੀ ਵੱਧ ਕਰੜੀ ਕੁਰਬਾਨੀ ਦੀ ਲੋੜ ਹੁੰਦੀ ਹੈ। ਪਿਛਲੇ ਸਾਕਿਆਂ ਸਮੇਂ ਜੇਹੜੇ ਪਿਆਰੇ ਚਰਖੀਆਂ ਤੇ ਚੜ੍ਹੇ, ਜਿਨ੍ਹਾਂ ਬੰਦ ਬੰਦ ਕਟਵਾਏ, ਆਰਿਆਂ ਨਾਲ ਚੀਰੇ ਗਏ, ਖੋਪਰੀਆਂ ਤੇ ਪੁੱਠੀਆਂ ਖੱਲਾਂ ਉਤਰਵਾਈਆਂ, ਜੀਊਂਦੇ ਸਾੜੇ ਗਏ, ਮਾਵਾਂ ਦੇ ਪਿਆਰੇ ਪੁੱਤ ਟੋਟੇ ਕਰ ਕੇ ਮਾਵਾਂ ਦੀ ਝੋਲੀਆਂ ਵਿਚ ਪਾਏ ਗਏ, ਉਨ੍ਹਾਂ ਪਿਆਰਿਆਂ ਦੀ ਕਮਾਈ ਦਾ ਸਦਕਾ ਅਰਦਾਸਾਂ ਅਸੀਂ ਰੋਜ਼ ਕਰਦੇ ਹਾਂ। ਹੁਣ ਏਨ੍ਹਾਂ ਸ਼ਹੀਦਾਂ ਨੇ ਇਸ ਸਮੇਂ ਵਿੱਚ ਵੀ ਕਰਕੇ ਸਾਮ੍ਹਣੇ ਵਿਖਾ ਦਿੱਤਾ ਹੈ। ਪਰ ਪਤਾ ਰਹੇ ਕਿ ਸੰਸਾਰ ਭਰ ਦੇ ਕਿਸੇ ਹਿੱਸੇ ਜਾਂ ਸਮੇਂ ਦੇ ਇਤਿਹਾਸ ਜਾਂ ਰਾਜ ਵਿੱਚ ਇਹੋ ਜਿਹੀ ਭਿਆਨਕ ਨਜ਼ੀਰ ਕਦੇ ਵੀ ਪੜ੍ਹਨ ਸੁਣਨ ਵਿੱਚ ਨਹੀਂ ਆਈ। ਫੇਰ ਅਜਿਹੀ ਵੀਹਵੀਂ ਸਦੀ ਤੇ ਅਜਿਹੇ ਰਾਜ ਵਿੱਚ ਇਹ ਕੋਈ ਕਰਤਾਰ ਵਲੋਂ ਹੀ ਹੈ! ਜਿੰਨੇ ਵੱਧ ਘੋਰ ਉਪੱਦ੍ਰਵ ਇਥੇ ਹੁੰਦੇ ਸਨ, ਉੱਨੀ ਹੀ ਕਰੜੀ ਕੁਰਬਾਨੀ ਹੋਈ ਹੈ। ਏਥੋਂ ਦੇ ਘੋਰ ਉਪੱਦ੍ਰਵ, ਸਤਿਗੁਰੂ ਨਾਨਕ ਦੇ ਮੰਦਰ ਤੇ ਵੇਸ਼ਯਾਵਾਂ ਦੇ ਨਾਚ, ਮਰਾਸਣਾਂ ਦੇ ਵਾਸ, ਸ਼ਰਾਬ ਦੇ ਦੌਰ, ਭ੍ਰਸ਼ਟਾਚਾਰ ਦੇ ਪ੍ਰਵਾਹ, ਆਏ ਗੁਰਸਿੱਖਾਂ ਦੇ ਤ੍ਰਿਸਕਾਰ, ਇਹ ਕੋਈ ਥੋੜ੍ਹੇ ਪਾਪ ਨਹੀਂ ਹਨ। ਇਨ੍ਹਾਂ ਪਾਪਾਂ ਦੇ ਧੋਣ ਵਾਸਤੇ ਅਜਿਹੀ ਹੀ ਪਵਿਤ੍ਰ ਖ਼ੂਨ ਦੀ ਬਰਕਤ ਚਾਹੀਦੀ ਸੀ। ਸੋ ਦੇਖ ਲਵੋ, ਮੰਦਰ ਦੇ ਅੰਦਰ ਬਾਹਰ ਚਾਰ ਚੁਫੇਰੇ ਹੇਠ ਉਪਰ ਕੋਠੜੀਆਂ ਤੇ ਪ੍ਰਕਰਮਾ ਵਿਚ ਕੋਈ ਥਾਂ ਖ਼ਾਲੀ ਨਹੀਂ, ਜਿਥੇ ਸ਼ਹੀਦ ਦਾ ਖ਼ੂਨ ਨਾ ਪਿਆ ਹੋਵੇ। ਇਹ ਅਪਵਿਤ੍ਰਤਾ ਕਿਸੇ ਹੋਰ ਤਰ੍ਹਾਂ ਭਲਾ ਕਦੋਂ ਧੋਤੀ ਜਾਣੀ ਸੀ! ਖਾਲਸਾ ਜੀ ਨੇ ਏਸ ਗੁਰਦਵਾਰੇ ਦੇ ਪ੍ਰਬੰਧ ਵਾਸਤੇ ਜੋ ਦੀਵਾਨ ਸਾਜਣ ਦਾ ਗੁਰਮਤਾ ਕੀਤਾ ਸੀ, ਪਤਾ ਨਹੀਂ ਓਸ ਦੀਵਾਨ ਤੇ ਕਿੰਨੇ ਕੁ ਹਜ਼ਾਰ ਗੁਰੂ ਦੁਲਾਰੇ ਆਉਂਦੇ ਤੇ ਏਨ੍ਹਾਂ ਪਾਪੀਆਂ ਮਹੰਤਾਂ ਤੇ ਏਸਦੇ ਸਾਥੀਆਂ ਵੱਲੋਂ ਹੋਰ ਕੀ ਕੀ ਉਪੱਦ੍ਰਵ ਹੁੰਦੇ ਤੇ ਕਿੰਨੇ ਕੁ ਹਜ਼ਾਰ ਗੁਰੂ ਦੇ ਲਾਲ ਸ਼ਹੀਦ ਹੁੰਦੇ। ਤੇ ਜ਼ਰੂਰੀ ਸੀ ਕਿ ਦੂਜੇ ਪਾਸਿਓਂ ਭੀ ਕੁਝ ਹਮਲਾ ਹੁੰਦਾ, ਕਿਉਂਕਿ ਦੀਵਾਨ ਵਿੱਚ ਸਾਰੇ ਹੀ ਅਕਾਲੀ ਦਲ ਦੇ ਹੀ ਸੇਵਕ ਨਹੀਂ ਹੁੰਦੇ। ਤੇ ਫੇਰ ਦੁਪਾਸੜ ਲੜਾਈ ਸਮਝ ਸਰਕਾਰ ਦੁਪਾਸੜ ਹੀ ਫੜੋ ਫੜੀ ਕਰਦੀ। ਨੁਕਸਾਨ ਬਹੁਤ ਹੁੰਦਾ ਤੇ ਗੁਰਦਵਾਰੇ ਦਾ ਸੁਧਾਰ ਫਰ ਭੀ ਰਹਿ ਜਾਣ ਦਾ ਖ਼ਤਰਾ ਸੀ। ਸੋ ਇਹ ਸਤਿਗੁਰੂ ਜੀ ਵੱਲੋਂ ਹੀ ਕੌਤਕ ਸਮਝੋ! ਰਜ਼ਾ ਤੋਂ ਜ਼ਰਾ ਭੀ ਓਹਲੇ ਹੋਣ ਦਾ ਵਿਚਾਰ ਨਾ ਕਰਨਾ। ਏਨ੍ਹਾਂ ਕੁਰਬਾਨੀਆਂ ਦੀ ਬਰਕਤ ਸਦਕਾ ਹੁਣ ਤਿਆਰ ਬਰ ਤਿਆਰ ਗੁਰੂ ਦੁਲਾਰੇ ਬਣਨਾ। ਹੁਣ ਫੁੱਟ ਤੇ ਢਿੱਲੜਪੁਣਾ ਛੱਡ ਕੇ ਵੀਰ ਵੀਰ ਇਕ ਹੋ ਜਾਵੋ! ਤੇ ਏਹ ਭੀ ਯਾਦ ਰੱਖਣਾ, ਸਤਿਗੁਰੂ ਜੀ ਨੇ ਆਪਣੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੋਲੀਆਂ ਖਾ ਕੇ ਪ੍ਰਤੱਖ ਦੱਸ ਦਿੱਤਾ ਹੈ ਕਿ ਮੈਂ (ਸਤਿਗੁਰੂ) ਆਪ ਤੁਹਾਡੇ ਨਾਲ ਸਾਥੀ ਹਾਂ, ਨਾਲ ਰਲ ਕੇ ਗੋਲੀਆਂ ਛਾਤੀ ਤੇ ਖਾਧੀਆਂ ਹਨ। ਜੇ ਅੱਗੇ ਕਦੇ ਇਕਸਾਰ ਏਸ ਤਰ੍ਹਾਂ ਦੀ ਕੁਰਬਾਨੀ ਨਹੀਂ ਹੋਈ ਤਾਂ ਮੈਂ ਭੀ ਏਨੀਆਂ ਗੋਲੀਆਂ ਅੱਜ ਤਕ ਛਾਤੀ ਤੇ ਨਹੀਂ ਲਈਆਂ! ਸੋ ਭਾਣਾ ਮੰਨੋ। ਸਬਰ ਸੰਤੋਖ ਸ਼ਾਂਤੀ ਹੱਥੋਂ ਨਹੀਂ ਛੱਡਣਾ! ਢਿਲਾਈ, ਨਵੇਂ ਵਿਚਾਰਾਂ ਤੇ ਆਪਸ ਦੇ ਫ਼ਰਕਾਂ ਨੂੰ ਏਸ ਵਕਤ ਜ਼ਰੂਰ ਛੱਡਣਾ।"



www.AKJ.Org

ਇਸ ਦੇ ਉਪ੍ਰੰਤ ਡਾਢੀ ਦਰਦ ਤੇ ਵੈਰਾਗ ਮਈ ਦਸ਼ਾ ਵਿੱਚ ਅਰਦਾਸਾ ਸੋਧ ਕੇ ਸਸਕਾਰ ਅਰੰਭ ਕੀਤਾ ਗਿਆ ਤੇ ਅੰਗੀਠੇ ਦੇ ਚਾਰ ਚੁਫੇਰੇ ਸਜਲ ਨੇਤਰ ਖੜੀਆਂ ਸੰਗਤਾਂ ਦੀ ਆਗਿਆ ਅਨੁਸਾਰ ਅੰਗੀਠੇ ਦੀ ਅਗਨੀ ਦੀ ਰੌਸ਼ਨੀ ਨਾਲ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪ੍ਰਵਾਨ ਕੀਤੇ ਗਏ :-

(੧) ਪਹਿਲੇ ਗੁਰਮਤੇ ਵਿੱਚ ਵੱਡੇ ਜ਼ੋਰ ਨਾਲ ਪਾਸ ਹੋਇਆ ਕਿ ਏਸ ਭਿਆਨਕ ਸਾਜ਼ਸ਼ ਵਿੱਚ ਜਿਨ੍ਹਾਂ ਅਪਰਾਧੀਆਂ ਦਾ ਹੱਥ ਹੈ, ਓਹਨਾਂ ਦੀ ਪੂਰੀ ਪੜਤਾਲ ਕਰ ਕੇ ਯੋਗ ਦੰਡ ਦਿੱਤਾ ਜਾਵੇ।

(੨) ਪਾਸ ਹੋਇਆ ਕਿ ਜਿਸ ਥਾਂ ਤੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਹੋਇਆ ਹੈ, ਏਸ ਥਾਂ ਖਾਲਸਾ ਸ਼ਹੀਦ ਗੰਜ ਬਣਾ ਕੇ ਸ਼ਹੀਦੀ ਦੀਵਾਨ ਨੀਯਤ ਕੀਤਾ ਜਾਵੇ।

(੩) ਪਾਸ ਹੋਇਆ ਕਿ ਸੰਗਤਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕਿ ਜਿੱਥੇ ਜਿੱਥੇ ਸਿੱਖਾਂ ਦੀ ਵੱਸੋਂ ਹੈ, ਉੱਥੇ ਉਥੇ ਪੰਜ ਅਪ੍ਰੈਲ (੨੪ ਚੇਤਰ) ਸਵੇਰ ਦੇ ਅੱਠ ਵਜੇ ਇਨ੍ਹਾਂ ਸ਼ਹੀਦਾਂ ਦੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਅਖੰਡ ਚਾਹੇ ਖੁਲ੍ਹੇ) ਪਾਠ ਦਾ ਭੋਗ ਪਾਇਆ ਜਾਵੇ ਤੇ ਸਾਰੇ ਸਿੱਖ ਆਸ਼੍ਰਮ ਬੰਦ ਰਹਿਣ ਅਤੇ ਹਰ ਇਕ ਸਿੱਖ ਇਸ ਸਾਕੇ ਦੇ ਧਿਆਨ ਵਿਚ ਗੁਰਬਾਣੀ ਪਾਠ ਤੇ ਬੇਨਤੀ ਵਿਚ ਸਮਾਂ ਬਤੀਤ ਕਰੇ।

(੪) ਚੌਥੇ ਗੁਰਮਤੇ ਵਿੱਚ ਬਾਵਾ ਕਰਤਾਰ ਸਿੰਘ ਬੇਦੀ ਨਾਲ ਨਾ-ਵਰਤਣ ਦੇ ਵਿਚਾਰ ਪਾਸ ਹੋਏ। ਪੰਥ ਵਿਚੋਂ ਛੇਕਣ ਤੇ ਗੁਰੂ ਤਖ਼ਤਾਂ ਵਿੱਚ ਅਰਦਾਸ ਬੰਦ ਕਰਨ ਦੇ ਵਿਚਾਰ ਪਾਸ ਹੋਏ।

(੫) ਇਨ੍ਹਾਂ ਗੁਰਮਤਿਆਂ ਦੀ ਕਾਪੀ ਸਰਕਾਰ ਹਿੰਦ ਤੇ ਪੰਜਾਬ ਨੂੰ ਯੋਗ ਪ੍ਰਬੰਧ ਤੇ ਸਾਰੀਆਂ ਪ੍ਰਸਿਧ ਅਖ਼ਬਾਰਾਂ ਨੂੰ ਪ੍ਰਕਾਸ਼ਤ ਕਰਨ ਲਈ ਘੱਲੀ ਜਾਵੇ।

ਉਪ੍ਰੰਤ ਕੀਰਤਨ ਸੋਹਿਲੇ ਦਾ ਪਾਠ ਹੋ ਕੇ ਰਹਿਰਾਸ ਦਾ ਪਾਠ ਹੋਇਆ। ਸਤਿਗੁਰੂ ਜੀ ਦਾ ਵਾਕ ਆਇਆ-

ਸਲੋਕ ॥ ਜੋ ਲੁੜੀਦੇ ਰਾਮ ਸੇਵਕ ਸੇਈ ਕਾਂਢਿਆ ॥ ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥

ਛੰਤੁ ॥ ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥
ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥ [ਵਡਹੰਸੁ ਮ: ੫-੫੭੯]

ਉਪ੍ਰੰਤ ਅਰਦਾਸਾ ਸੋਧ ਕੜਾਹ ਪ੍ਰਸ਼ਾਦ ਵਰਤਿਆ, ਸੰਗਤਾਂ ਸਮੇਂ ਸਮੇਂ ਨਿਵਾਸ-ਅਸਥਾਨ ਪੁੱਜੀਆਂ। ਲੰਗਰ ਤਿਆਰ ਕਰਨ ਤੇ ਛਕਣ ਵਾਲਿਆਂ ਦੇ ਦਿਲ ਹਿੱਲੇ ਹੋਏ ਹੋਣ ਕਰਕੇ ਲੰਗਰ ਕੁਝ ਢਿੱਲਾ ਹੀ ਰਿਹਾ।

੨੨-੨-੨੧ ਤ੍ਰੀਕ ਨੂੰ ਕੌਂਸਲ ਦੀ ਪਹਿਲੀ ਮੀਟਿੰਗ ਵਿਚ ਲਾਟ ਸਾਹਿਬ ਵਲੋਂ ਹਮਦਰਦੀ ਦਾ ਸੰਦੇਸਾ ਪੜ੍ਹਿਆ ਗਿਆ, ਜਿਸ ਦਾ ਖੁਲਾਸਾ ਹੇਠ ਹੈ :-

ਆਨਰੇਬਲ ਪ੍ਰਧਾਨ ਦੀ ਆਗਿਆ ਨਾਲ ਮੈਂ ਲੈਜਿਸਲੇਟਿਵ ਕੌਂਸਲ ਦੇ ਮੈਂਬਰਾਂ ਨੂੰ ਇੱਕ ਸੰਖੇਪ ਸੰਦੇਸਾ, ਜਿਹੜਾ ਕਿ ਨਨਕਾਣਾ ਸਾਹਿਬ ਦੇ ਭਿਆਨਕ ਹਾਦਸੇ ਸੰਬੰਧੀ ਹੈ, ਦੇਂਦਾ ਹਾਂ। ਮੈਂ ਵਿਸਥਾਰ ਨਹੀਂ ਕਰਦਾ ਜੋ ਉਥੇ ਕਿਸ ਤਰ੍ਹਾਂ ਇਹ ਭਾਣਾ ਵਰਤਿਆ? ਕਿਉਂਕਿ ਸਰਕਾਰ ਪੰਜਾਬ ਨੇ ਅਜਿਹੇ ਢੰਗ ਅਖ਼ਤਿਆਰ ਕਰ ਲਏ ਹਨ ਜੋ ਪਰਜਾ ਆਪ ਹੀ ਲੋਕਾਂ ਨੂੰ ਦੱਸੇ ਜੋ ਉਨ੍ਹਾਂ ਨੂੰ ਠੀਕ ਠੀਕ ਖ਼ਬਰਾਂ ਏਸ ਹਾਦਸੇ ਸੰਬੰਧੀ ਮਿਲਣ। ਨਾ ਹੀ ਮੈਂ ਐਸ ਵੇਲੇ ਇਲਜ਼ਾਮ ਦੇਣ ਲੱਗਾ ਹਾਂ, ਕਿਉਂਕਿ ਸਾਰੀ ਹਾਲਤ ਪੁਲੀਸ ਦੀ ਤਹਕੀਕਾਤ ਵਿੱਚ ਹੈ। ਮੈਂ ਆਸ ਰੱਖਦਾ ਹਾਂ ਕਿ ਛੇਤੀ ਹੀ ਸਾਰਾ ਮਾਮਲਾ ਅਦਾਲਤ ਵਿੱਚ ਆ ਜਾਵੇਗਾ। ਮੈਂ ਆਪ ਆਪਣੀ ਕੌਂਸਲ ਦੇ ਮੈਂਬਰਾਂ ਤੇ ਵਜ਼ੀਰਾਂ ਸਣੇ ਇਹ ਭਿਆਨਕ ਮੌਕਿਆ ਵੇਖਣ ਗਿਆ। ਜਿਹੜਾ ਭਿਆਨਕ ਹਾਦਸਾ ਹੋਇਆ ਹੈ ਉਸ ਵਿੱਚ ਸਾਨੂੰ ਬੜਾ ਹੀ ਸ਼ੋਕ ਹੋਇਆ। ਸਰਕਾਰ ਨੇ ਗੁਰਦੁਆਰੇ ਉੱਤੇ ਫੌਜੀ ਕਬਜ਼ਾ ਕਰ ਕੇ ਇੱਕ ਸਿੱਖ-ਕਮੇਟੀ ਸਪੁਰਦ ਕਰ ਦਿੱਤਾ ਹੈ ਤੇ ਪੁਲੀਸ ਵੱਲੋਂ ਤਫ਼ਤੀਸ਼ ਜਾਰੀ ਕਰਾ ਦਿੱਤੀ ਹੈ, ਜਿਸ ਵਿੱਚ ਮੈਂ ਇਹ ਪ੍ਰਸੰਨਤਾ ਨਾਲ ਆਖਦਾ



www.AKJ.Org

ਹਾਂ ਕਿ ਵੱਡੇ ਵੱਡੇ ਸਿੱਖ ਲੀਡਰਾਂ ਨੇ ਬੜੀ ਮਦਦ ਦਿੱਤੀ ਹੈ, ਤੇ ਦੇ ਰਹੇ ਹਨ। ਮਾਮਲਾ ਬੜਾ ਹੀ ਪੇਚਦਾਰ ਹੈ, ਪਰ ਸੂਬੇ ਨੂੰ ਭਰੋਸਾ ਰਖਣਾ ਚਾਹੀਦਾ ਹੈ ਕਿ ਸਰਕਾਰ ਵੱਲੋਂ ਹਰ ਪ੍ਰਕਾਰ ਦਾ ਯਤਨ ਕੀਤਾ ਜਾਵੇਗਾ ਕਿ ਪੂਰੀ ਪੂਰੀ ਤੇ ਬਿਨਾਂ ਕਿਸੇ ਪਖਪਾਤ ਦੇ ਪੜਤਾਲ ਕੀਤੀ ਜਾਵੇਗੀ ਤੇ ਅਪਰਾਧੀਆਂ ਨੂੰ ਦੰਡ ਦਿੱਤਾ ਜਾਵੇਗਾ। ਮੈਂ ਕੌਂਸਲ ਦੇ ਮੈਂਬਰਾਂ ਤੇ ਉਨ੍ਹਾਂ ਦੇ ਰਾਹੀਂ ਸ਼ਹੀਦਾਂ ਦੇ ਸੰਬੰਧੀਆਂ ਤੇ ਸੱਜਣਾਂ ਨੂੰ ਪੂਰੀ ਪੂਰੀ ਹਮਦਰਦੀ ਭੇਜਦਾ ਹਾਂ।"

੨੪-੨-੨੧ ਨੂੰ ਭੀ ਸੰਗਤਾਂ ਬੇਅੰਤ ਆਈਆਂ। ਦਲਾਂ ਦੇ ਦਲ ਅਪਰਾਧੀਆਂ ਦੀ ਖੋਜ ਪੜਤਾਲ ਵਾਸਤੇ ਹੋਰ ਪੁਲੀਸ ਤੇ ਫ਼ੌਜੀ ਸਿਪਾਹੀ ਤੇ ਕਈ ਅਫ਼ਸਰ ਵੀ ਪਹੁੰਚੇ। ਪੰਥ ਦਰਦੀ ਸ: ਸ਼ਿਵਦੇਵ ਸਿੰਘ ਜੀ ਸਿਆਲਕੋਟ ਸਪੈਸ਼ਲ ਸੁਪ੍ਰੰਟੈਂਡੰਟ ਪੁਲੀਸ ਬਣਾ ਕੇ ਭੀ ਨਾਲ ਹੀ ਲਗਾਏ ਗਏ। ਬਾਬਾ ਜਸਵੰਤ ਸਿੰਘ ਜੀ ਬੇਦੀ ਨੇ ਭਰੇ ਦੀਵਾਨ ਵਿਚ ਇਸ ਹਾਦਸੇ ਤੇ ਬੜਾ ਹੀ ਦਿਲੀ ਦਰਦ ਤੇ ਹਿਤ ਪ੍ਰਗਟ ਕੀਤਾ। ਭਾਰੀ ਦੀਵਾਨ ਸਜਦੇ ਰਹੇ, ਅਤੇ ਜਿਨ੍ਹਾਂ ਵਿਚ ਸੰਗਤਾਂ ਨੂੰ ਹਰ ਪ੍ਰਕਾਰ ਸਤਿਗੁਰੂ ਜੀ ਦਾ ਭਾਣਾ ਮੰਨਣ, ਸਬਰ ਕਰਨ, ਤੇ ਜਰਨ ਦੀ ਪ੍ਰੇਰਨਾ ਕੀਤੀ ਜਾਂਦੀ ਰਹੀ। ਸ਼ੱਕੀ ਅਪਰਾਧੀਆਂ ਦੀ ਫੜਾ ਫੜੀ ਜਾਰੀ ਹੈ। ਢੂੰਡ ਕਰਦੇ ਹੋਏ ਬਹੁਤ ਵੱਡੇ ਮਿੱਟੀ ਦੇ ਮੱਟ ਵਿਚੋਂ ਇੱਕ ਅਪਰਾਧੀ ਅਤੇ ਇੱਕ ਕੱਪੜਿਆਂ ਦੇ ਸੰਦੂਕ ਵਿਚੋਂ ਮਿਲਿਆ। ਇੱਕ ਮਕਾਨ ਦਾ ਬਾਹਰੋਂ ਜੰਦਰਾ ਲਾਹ ਕੇ ਵੇਖਿਆ ਕਿ ਅੰਦਰੋਂ ਭੀ ਬੰਦ ਹੈ, ਬੂਹੇ ਲਾਹੇ ਤਾਂ ਮਹੰਤ ਦੇ ਦੋ ਪਾਲਤੂਆਂ ਨੇ ਇੱਕ ਸਿੱਖ ਤੇ ਛਵ੍ਹੀ ਦਾ ਵਾਰ ਕੀਤਾ। ਪਰ ਸਿੰਘ ਜੀ ਨੇ ਪੁੱਠੇ ਪਾਸਿਓਂ ਇਕ ਇਕ ਟਕੂਆ ਠੋਕ ਕੇ ਦੋਵੇਂ ਪਠਾਣ ਡੇਗ ਕੇ ਬੰਨ੍ਹ ਲਏ, ਜਿਨ੍ਹਾਂ ਦੇ ਕੱਪੜੇ ਖ਼ੂਨ ਨਾਲ ਭਰੇ ਹੋਏ ਸਨ। ਇਸੇ ਤਰ੍ਹਾਂ ਕਈ ਤਲਾ ਦੀ ਬਦਰਹੌਂ ਵਿਚੋਂ, ਕਈ ਤੂੜੀ ਹੇਠੋਂ ਫੜੇ ਗਏ ਸੁਣੇ ਹਨ। ਸੰਗਤਾਂ ਦੇ ਸੁਖ ਨਾਲ ਜਾਣ ਦੇ ਵਿਚਾਰ ਵਾਸਤੇ ਅੱਜ ਦੋ ਸਪੈਸ਼ਲ ਵੱਡੀਆਂ ਵੱਡੀਆਂ ਗੱਡੀਆਂ ਆਈਆਂ, ਜੋ ੨ ਤੇ ੩॥ ਵਜੇ ਚੱਲੀਆਂ। ਅੱਜ ਜਥੇਦਾਰ ਜੀ ਵੱਲੋਂ ਸਾਰੇ ਨਗਰ ਵਿੱਚ ਢੰਡੋਰਾ ਦਿਵਾਇਆ ਗਿਆ ਕਿ ਸਭ ਨਿਰਭੈ ਹੋ ਕੇ ਕੰਮ ਧੰਦੇ ਕਰੋ। ਪ੍ਰਬੰਧਕ ਕਮੇਟੀ ਦੇ ਦਫ਼ਤਰ ਦੀ ਸੇਵਾ ਵਾਸਤੇ ਕੁਝ ਦਰਦੀਆਂ ਦੀ ਲੋੜ ਹੈ। ਜੇ ਕੁਝ ਦੂਰ-ਅੰਦੇਸ਼, ਸਿਆਣੇ, ਸਾਰੇ ਪਾਸਿਆਂ ਦੀ ਸੂਝ ਤੇ ਸਮਝ ਵਾਲੇ ਵਾਰੋ ਵਾਰੀ ਹਫ਼ਤਾ ਹਫ਼ਤਾ ਵੀ ਹੱਥ ਵਟਾਣ ਤਦ ਬਹੁਤ ਕੁਝ ਸੁਖਾਲ ਹੋ ਸਕਦਾ ਹੈ। ਭਾਈ ਅਮਰ ਸਿੰਘ ਜੀ ਸਰਗੋਧਾ ਪੁਰਾਣੇ ਪੰਥ ਦਰਦੀ ਹਨ, ਜੋ ਆਪੋ-ਧਾਪ' ਤੇ ਫੁੱਟ ਦੇਖ ਕੇ ਚਿਰਾਂ ਤੋਂ ਨਿਵੇਕਲੇ ਹੋ ਬੈਠੇ ਸਨ, ਐਸ ਵੇਲੇ ਰੁਕ ਨਹੀਂ ਸਕੇ ਤੇ ਨਿਜ ਦੇ ਕੰਮ ਧੰਦੇ ਸੁੱਟ ਕੇ ਸੇਵਾ ਵਿੱਚ ਆਣ ਜੁਟੇ ਹਨ ਤੇ ਦਿਨ ਰਾਤ ਇੱਕ ਕਰ ਰਹੇ ਹਨ। ਤੇ ਕਦੇ ਕਦੇ ਅੰਨ ਜਲ ਭੀ ਅਠ-ਪਹਿਰਾ ਹੀ ਛਕਣ ਦਾ ਸਮਾਂ ਮਿਲਦਾ ਹੈ। ਏਸੇ ਤਰ੍ਹਾਂ ਹੋਰ ਭੀ ਕੁਝ ਪੰਥ ਪਿਆਰੇ ਨਿਤਰਨ, ਇਹ ਵੇਲਾ ਹੈ। ਚੰਦ ਚੜ੍ਹੇ ਤੰਦ ਭੀ ਪ੍ਰਵਾਨ ਹੁੰਦੀ ਹੈ।

ਇਹ ਹਨ ੨੪-੨-੨੧ ਦੁਪਹਿਰ ਤੱਕ ਦੇ ਵੇਖੇ ਸੁਣੇ ਸਮਾਚਾਰ। ਹੋ ਸਕਦਾ ਹੈ ਜੋ ਯਾਦ ਵਿੱਚੋਂ ਭੁੱਲ ਕੇ ਬਹੁਤ ਕੁਝ ਸੁਧਾਰ ਯੋਗ ਰਹਿ ਗਿਆ ਹੋਵੇ। ਇਸ ਦੇ ਸਿਵਾਇ ਹੋਰ ਕਈ ਭਾਂਤਿ ਭਾਂਤਿ ਦੇ ਕਥਨ ਸੁਣੇ ਪੜ੍ਹੇ ਜਾਂਦੇ ਹਨ, ਸੋ ਜਿਸ ਸੱਜਣ ਨੂੰ ਕੋਈ ਭੁਲ ਜਾਂ ਹੋਰ ਨੋਟ ਕਰਨ ਯੋਗ ਖ਼ਾਸ ਬਾਤ ਦਾ ਪਤਾ ਹੋਵੇ, ਕ੍ਰਿਰਪਾ ਕਰਕੇ ਦਾਸ ਨੂੰ ਪਤਾ ਜ਼ਰੂਰ ਦੇਣ ਦੀ ਮੇਹਰ ਕਰਨ।

ਦਾਸ—ਮੋਹਨ ਸਿੰਘ ਵੈਦ

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ


ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਂਡਰਨ ਲੀਡਰ (ਰੀ:)<br>੧੦੨, ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੯੦

ਦਸਖ਼ਤ ਪਬਲਿਸ਼ਰ—ਸੇਵਾ ਸਿੰਘ


www.AKJ.Org

# ਸ੍ਰੀ ਜਪੁਜੀ ਦੇ ਔਖੇ ਸ਼ਬਦਾਂ ਦੇ ਅਰਥ

ਸੂਰਾਂ ਫਰਵਰੀ ੯੦ ਵਿਚ 'ਗੁਰਮਤਿ ਬਾਲ-ਪ੍ਰੀਖਿਆ' ਦੇ ਹੈਡਿੰਗ ਹੇਠ ਕੁਝ ਪ੍ਰਸ਼ਨ; ਉਤਰਾਂ ਸਮੇਤ, ਦਿਤੇ ਗਏ ਸਨ। ਹੁਣ ਉਸ ਪ੍ਰੀਖਿਆ ਨਾਲ ਸੰਬੰਧਤ ਜਪੁਜੀ ਦੇ ਔਖੇ ਸ਼ਬਦਾਂ ਦੇ ਅਰਥ, 'ਸੂਰਾ' ਦੇ ਪਾਠਕਾਂ ਦੀ ਜਾਣਕਾਰੀ ਲਈ, ਕੁਝ ਹੋਰ ਸ਼ਬਦਾਂ ਦੇ ਅਰਥ ਨਾਲ ਸ਼ਾਮਲ ਕਰ ਕੇ, ਦਿਤੇ ਜਾ ਰਹੇ ਹਨ। —ਸੰਪਾਦਕ

ਮੂਲ ਮੰਤਰ :— ੧ ਓ—ਅਕਾਲ ਪੁਰਖ ਇਕ ਹੈ ਤੇ ਸਰਬ ਵਿਆਪਕ ਹੈ। ਸਤਿ ਨਾਮੁ—ਉਸ ਦਾ ਨਾਮ ਸਤਿ (ਸਦਾ ਰਹਿਣ ਵਾਲਾ) ਹੈ। ਕਰਤਾ ਪੁਰਖ—ਉਹ ਸਭ ਕਾਸੇ ਦਾ ਕਰਨ ਵਾਲਾ ਤੇ ਸਰਬ ਵਿਆਪਕ ਹੈ। ਨਿਰਭਉ—ਡਰ ਤੋਂ ਰਹਿਤ ਹੈ। ਨਿਰਵੈਰੁ—ਵੈਰ-ਭਾਵਨਾ ਤੋਂ ਰਹਿਤ ਹੈ। ਅਕਾਲ ਮੂਰਤਿ—ਮੌਤ ਤੋਂ ਰਹਿਤ ਮੂਰਤੀ (ਸਰੂਪ) ਵਾਲਾ ਹੈ। ਅਜੂਨੀ—ਜੂਨਾਂ (ਜਨਮ) ਤੋਂ ਰਹਿਤ ਹੈ। ਸੈਭੰ-ਸੁਤੇ ਪ੍ਰਕਾਸ਼, ਭਾਵ, ਆਪਣੇ ਆਪ ਤੋਂ ਪ੍ਰਗਟ ਹੋਣ ਵਾਲਾ ਹੈ। ਗੁਰ ਪ੍ਰਸਾਦਿ—ਗੁਰੂ ਦੀ ਕਿਰਪਾ ਦੁਆਰਾ (ਮਿਲਦਾ ਹੈ)।

ਮੁਢਲਾ ਸਲੋਕ :— ਆਦਿ—ਮੁੱਢ (ਜਗਤ ਦੇ ਅਰੰਭ) ਵਿਚ। ਜੁਗਾਦਿ—ਜੁਗਾਂ ਦੇ ਮੁੱਢ ਵਿਚ।

ਪਉੜੀ ੧ :—ਸੋਚੈ—ਸੁੱਚ (ਪਵਿਤਰਤਾ) ਰਖਣ ਨਾਲ। ਸੋਚੀ—ਸੋਚੀਂ, ਮੈਂ ਸੁੱਚ ਰਖਾਂ। ਲਿਵ ਤਾਰ—ਇਕ-ਤਾਰ ਸਮਾਧੀ। ਸਹਸ—ਹਜ਼ਾਰਾਂ। ਸਚਿਆਰਾ—ਸੱਚ ਦੀ ਧਾਰਨਾ ਵਾਲਾ। ਪਾਲ—ਕੰਧ। ਰਜਾਈ—ਰਜ਼ਾ ਵਾਲਾ, ਭਾਣੇ ਦਾ ਮਾਲਕ (ਵਾਹਿਗੁਰੂ)।

ਪ: ੨ :— ਹੁਕਮੀ—ਅਕਾਲ ਪੁਰਖ ਦੇ ਹੁਕਮ ਨਾਲ। ਆਕਾਰ-ਦਿਸਣ ਵਾਲੇ ਸਰੂਪ। ਜੀਅ—ਜੀਵ ਜੰਤੂ। ਇਕਨਾ—ਕਈਆਂ ਨੂੰ। ਪਾਈਅਹਿ—ਪਾਈਦੇ ਹਨ। ਭਵਾਈਅਹਿ—(ਜਨਮ ਮਰਨ ਦੇ ਗੇੜ ਵਿਚ) ਭਵਾਈਦੇ ਹਨ। ਹਉਮੈ- ਮੈਂ-ਮੇਰੀ, ਮਮਤਾ।

ਪ: ੩ :—ਕੋ—ਕੋਈ। ਤਾਣੁ—ਬਲ। ਨੀਸਾਣੁ—ਬਖ਼ਸ਼ਸ਼ ਦਾ ਚਿੰਨ੍ਹ (ਨਿਸ਼ਾਨ)। ਚਾਰ—ਸੁੰਦਰ। ਵਿਖਮੁ-ਕਠਨ, ਔਖਾ। ਸਾਜਿ—ਬਣਾ ਕੇ, ਪੈਦਾ ਕਰ ਕੇ। ਜੀਅ—ਜਿੰਦ। ਤੋਟਿ—ਘਾਟਾ। ਕਥਿ ਕਥਿ ਕਥੀ—ਆਖ ਆਖ ਕੇ ਆਖੀ ਹੈ। ਕੋਟੀ- ਕੋਟੀਂ, ਕਰੋੜਾਂ ਨੇ। ਕੋਟਿ—ਕਰੋੜ। ਵਿਗਸੈ—ਪ੍ਰਸੰਨ ਹੁੰਦਾ ਹੈ।

ਪ: ੪ :—ਨਾਇ—ਨਾਂਅ ਕਰਕੇ। ਭਾਖਿਆ—ਬੋਲੀ। ਭਾਉ—ਪ੍ਰੇਮ। ਅਪਾਰ—ਬੇਅੰਤ। ਕਿ ਬੋਲਣੁ—ਕਿਹੜਾ ਬੋਲ। ਕਰਮੀ—(ਪ੍ਰਭੂ ਦੀ) ਮਿਹਰ ਨਾਲ। ਕਪੜਾ—ਸਿਫ਼ਤ-ਸਲਾਹ ਦਾ ਕਪੜਾ। ਨਦਰੀ—ਮਿਹਰ ਦੀ ਨਜ਼ਰ ਨਾਲ। ਮੋਖੁ ਦੁਆਰੁ—ਮੁਕਤੀ ਦਾ ਦਰਵਾਜ਼ਾ। ਸਚਿਆਰੁ-ਸੱਚੀ ਹੋਂਦ ਵਾਲਾ ਵਾਹਿਗੁਰੂ।

ਪ: ੫ :—ਨਿਰੰਜਨੁ—ਮਾਇਆ ਤੋਂ ਰਹਿਤ (ਵਾਹਿਗੁਰੂ)। ਗੁਣੀ ਨਿਧਾਨੁ—ਗੁਣਾਂ ਦਾ ਖ਼ਜ਼ਾਨਾ (ਵਾਹਿਗੁਰੂ)। ਭਾਉ— ਪਿਆਰ। ਪਰਹਰਿ—ਦੂਰ ਕਰ ਕੇ। ਗੁਰਮੁਖਿ—ਗੁਰੂ। ਨਾਦੰ—ਅਵਾਜ਼,ਹੁਕਮ,ਨਾਮ। ਵੇਦੰ—ਗਿਆਨ। ਹਉ—ਮੈਂ।

ਪ: ੬ :—ਸਿਰਠਿ—ਸ੍ਰਿਸ਼ਟੀ। ਉਪਾਈ—ਪੈਦਾ ਕੀਤੀ ਹੋਈ। ਰਤਨ ਜਵਾਹਰ ਮਾਣਿਕ—ਕੀਮਤੀ ਮੋਤੀ। ਸਿਖ—ਸਿਖਿਆ।

ਪ: ੭ :—ਆਰਜਾ—ਉਮਰ। ਦਸੂਣੀ—ਦਸ-ਗੁਣਾ। ਤਿਸੁ ਨਦਰਿ—ਤਿਸ ਦੀ ਨਜ਼ਰ ਵਿਚ। ਵਾਤ—ਖ਼ਬਰ। ਕੀਟ—ਕੀੜਾ।

ਪ: ੮ :—ਸੁਣਿਐ—ਸੁਣਨ ਨਾਲ, ਨਾਮ ਦੀ ਸਰੋਤ ਨਾਲ। ਸੁਰਿ—ਦੇਵਤੇ। ਧਵਲ—ਬਲਦ (ਧਰਤੀ ਦਾ ਆਸਰਾ)। ਵਿਗਾਸੁ—ਖੇੜਾ, ਖ਼ੁਸ਼ੀ।

ਪ: ੯ :—ਈਸਰੁ—ਸ਼ਿਵ। ਮੁਖਿ -ਮੂੰਹ ਨਾਲ। ਸਾਲਾਹਣ—ਵਾਹਿਗੁਰੂ ਦੀਆਂ ਸਿਫ਼ਤਾਂ। ਮੰਦੁ—ਮੰਦਾ ਪੁਰਖ।

ਪ: ੧੦ :—ਸਤੁ—ਸੱਚ, ਸੁੱਚਾ ਆਚਰਨ। ਸੰਤੋਖੁ—ਜੋ ਕੁਝ ਪ੍ਰਾਪਤ ਹੈ ਉਸ ਉਤੇ ਸਬਰ ਕਰਨਾ। ਅਠਸਠਿ—ਅਠ + ਸਠ (੬੮) ਤੀਰਥ।

ਪ: ੧੧ :—ਸਰਾ ਗੁਣਾ ਕੇ ਗਾਹ—ਬੇਅੰਤ ਗੁਣਾਂ ਦੇ ਗਾਹੁਣ (ਸੂਝ) ਵਾਲੇ। ਸਰਾ ਗੁਣਾ ਕੇ—ਗੁਣਾਂ ਦੇ ਸਰੋਵਰਾਂ ਦੇ, ਬੇਅੰਤ ਗੁਣਾਂ ਦੇ। ਅਸਗਾਹੁ—ਡੂੰਘਾ ਸਮੁੰਦਰ।



www.AKJ.Org

ਪ: ੧੨ :–ਗ਼ਤਿ—ਹਾਲਤ। ਪ: ੧੪–ਮਾਰਗਿ–ਰਸਤੇ ਉਤੇ। ਠਾਕ–ਰੋਕ। ਮਗੁ–ਰਸਤਾ। ਪੰਥੁ–ਰਸਤਾ।

ਪ: ੧੫ :–ਮੋਖੁ ਦੁਆਰੁ–ਮੁਕਤੀ ਦਾ ਦਰ। ਸਾਧਾਰੁ–ਆਸਰੇ ਸਹਿਤ। ਭਿਖ–ਭਿਖਿਆ (ਮੰਗਣ) ਲਈ।

ਪ: ੧੬ :–ਪੰਚ–(ਨਾਮ ਸੁਣਨ ਤੇ ਮੰਨਣ ਵਾਲੇ) ਸ੍ਰੇਸ਼ਟ ਪੁਰਸ਼। ਦਰਿ ਰਾਜਾਨੁ–ਰਾਜਿਆਂ ਦੇ ਰਾਜੇ (ਵਾਹਿਗੁਰੂ) ਦਰ ਉਤੇ। ਕਰਣੈ–ਰਚੀ ਹੋਈ ਕੁਦਰਤ ਦਾ। ਧੌਲੁ–ਬਲਦ। ਸੂਤਿ–ਮਰਯਾਦਾ ਵਿਚ। ਕੇ ਨਾਵ–ਕਈ ਨਾਵਾਂ ਦੇ। ਵੁੜੀ ਕਲਾਮ–ਚਲਦੀ ਕਲਮ ਨਾਲ। ਸੁਆਲਿਹੁ–ਸੁੰਦਰ। ਕੂਤੁ–ਮਾਪ, ਅੰਦਾਜ਼ਾ। ਪਸਾਉ–ਪਸਾਰਾ। ਕਵਾਉ–ਬੋਲ (ਹੁਕਮ)। ਕੁਦਰਤਿ–ਸ਼ਕਤੀ, ਸਮਰੱਥਾ। ਸਲਾਮਤਿ–ਸਦਾ ਥਿਰ।

ਪ: ੧੭ :–ਅਸੰਖ–ਅਗਿਣਤ। ਜਪ–ਜਪ ਜਪਣ ਵਾਲੇ। ਭਾਉ–ਪ੍ਰੇਮ ਕਰਨ ਵਾਲੇ। ਪੂਜਾ–ਪੂਜਾ ਕਰਨ ਵਾਲੇ। ਤਪਤਾਉ–ਤਪ ਤਪਣ ਵਾਲੇ। ਗਰੰਥ ਮੁਖਿ ਵੇਦ ਪਾਠ–ਵੇਦ ਆਦਿ ਗਰੰਥਾਂ ਦਾ ਮੂੰਹ ਰਾਹੀਂ ਪਾਠ ਕਰਨ ਵਾਲੇ। ਜੋਗ–ਜੋਗ-ਸਾਧਨਾ ਕਰਨ ਵਾਲੇ। ਸਤੀ–ਦਾਨੀ ਪੁਰਸ਼। ਸੂਰ–ਸੂਰਮੇ। ਮੁਹ ਭਖਸਾਰ–ਮੂੰਹੀਂ ਉਤੇ ਸ਼ਸਤ੍ਰਾਂ ਦੇ ਵਾਰ ਖਾਣ (ਸਹਿਣ) ਵਾਲੇ। ਮੋਨਿ–ਮੋਨੀ, ਚੁਪ ਰਹਿਣ ਵਾਲੇ।

ਪ: ੧੮ :–ਹਰਾਮਖੋਰ–ਪਰਾਇਆ ਮਾਲ ਖਾਣ ਵਾਲੇ। ਗਲਵਢ–ਗਲੇ ਵਢਣ ਵਾਲੇ, ਕਾਤਲ। ਮਲੇਛ–ਮਲੀਨ ਬੁਧੀ ਵਾਲੇ। ਮਲੁ–ਮੈਲ।

ਪ: ੧੯ :–ਅਗੰਮ–ਜਿਨ੍ਹਾਂ ਤਕ ਪਹੁੰਚ ਨਾ ਹੋ ਸਕੇ, ਭਾਵ, ਬੇਅੰਤ। ਅਖਰੀ–ਅਖਰੀਂ, ਅਖਰਾਂ ਨਾਲ। ਗੁਣਗਾਹ–ਗੁਣ ਕਥਨ ਕਰਨ ਵਾਲੇ। ਲਿਖਣੁ ਬੋਲਣੁ ਬਾਣਿ–ਬਾਣੀ ਦਾ ਲਿਖਣਾ ਤੇ ਬੋਲਣਾ। ਸੰਜੋਗੁ–ਭਾਗਾਂ ਦਾ ਲੇਖ। ਵਖਾਣਿ–ਵਖਾਣਿਆ (ਦਸਿਆ) ਜਾ ਸਕਦਾ ਹੈ।

ਪ: ੨੦ :–ਮੂਤ ਪਲੀਤੀ–ਮੂਤਰ ਨਾਲ ਪਲੀਤ (ਅਪਵਿਤਰ) ਹੋਇਆ। ਕਰਿ ਕਰਿ ਕਰਣਾ–ਕਰਮ ਕਰ ਕਰ ਕੇ। ਆਖਣੁ ਨਾਹਿ–(ਕੇਵਲ) ਆਖਣ ਮਾਤ੍ਰ ਨਹੀਂ ਹੈ।

ਪ: ੨੧ :–ਦਤੁ–ਦਿਤਾ ਹੋਇਆ। ਅੰਤਰਗਤਿ–ਅੰਦਰਲਾ। ਸੁਅਸਤਿ–ਤੇਰੀ ਜੈ ਹੋਵੇ। ਆਥਿ–ਮਾਇਆ (ਤੂੰ ਆਪ ਹੀ ਹੈਂ)। ਬਰਮਾਉ–ਬ੍ਰਹਮਾ (ਤੂੰ ਆਪ ਹੀ ਹੈਂ)। ਸਤਿ–ਸੱਚ। ਸੁਹਾਣੁ–ਸੁਹਣਾ। ਪੰਡਤੀ–ਪੰਡਤਾਂ ਨੇ। ਕਾਦੀਆ–ਕਾਜ਼ੀਆਂ ਨੇ। ਆਖਣਿ ਆਖੈ–ਆਖਣ ਲਈ ਆਖਦਾ ਹੈ। ਨਾਈ–ਵਡਿਆਈ।

ਪ: ੨੨ :–ਓੜਕ–ਅੰਤ। ਇਕ ਵਾਤ–ਇਕ ਗੱਲ। ਸਹਸ ਅਠਾਰਹ–ਅਠਾਰ੍ਹਾਂ ਹਜ਼ਾਰ (ਆਲਮ)। ਕਤੇਬਾ–ਮੁਸਲਮਾਨ ਤੇ ਈਸਾਈ ਮਤ ਦੀਆਂ ਚਾਰ ਕਿਤਾਬਾਂ। ਅਸੁਲੂ–ਮੁਢ। ਧਾਤੁ–ਸਭ ਨੂੰ ਧਾਰਨ ਵਾਲਾ। ਵਿਣਾਸੁ–ਨਾਸ।

ਪ: ੨੩ :–ਸਾਲਾਹੀ–ਸਲਾਹੁਣ ਜੋਗ ਵਾਹਿਗੁਰੂ। ਵਾਹ–ਛੋਟੇ ਨਾਲੇ (ਵਹਿਣ)। ਗਿਰਹਾ ਸੇਤੀ–ਪਲੇ।

ਪ: ੨੪ :–ਸਿਫਤੀ–ਸਿਫ਼ਤ ਦਾ। ਕਰਣੇ–ਕੀਤੇ ਹੋਏ ਪਸਾਰੇ ਦਾ। ਮੰਤੁ–ਸਲਾਹ। ਕੇਤੇ–ਕਈ (ਮਨੁਖ)। ਬਿਲਲਾਹਿ–ਵਿਲਕਦੇ ਹਨ। ਜਾਹਿ–ਜਾ ਸਕਦੇ। ਨਦਰੀ–ਮੇਹਰ ਦੀ ਨਜ਼ਰ ਕਰਨ ਵਾਲਾ। ਕਰਮੀ–ਕਰਮ (ਬਖ਼ਸ਼ਸ਼) ਨਾਲ।

ਪ: ੨੫ :–ਕਰਮੁ–ਫ਼ਜ਼ਲ, ਬਖ਼ਸ਼ਸ਼। ਤਿਲੁ–ਧੋਖਾ, ਛਲ (ਅਰਬੀ)। ਤਮਾਇ–ਤਮਾ, ਲਾਲਚ। ਜੋਧ ਅਪਾਰ–ਅਗਿਣਤ ਜੋਧੇ। ਕੇਤਿਆ–ਕੇਤੇ (ਕਈ) ਹਨ। ਬੰਦਿ–ਬੰਦੀ, ਕੈਦ। ਖਾਇਕੁ–ਮੂਰਖ।

ਪ: ੨੬ :–ਸਮਾਹਿ–ਸਮਾਉਂਦੇ (ਲੀਨ ਹੁੰਦੇ) ਹਨ। ਦੀਬਾਣੁ–ਕਚਹਿਰੀ, ਦਰਬਾਰ। ਤੁਲੁ–ਤਰਾਜ਼ੂ, ਤੁਕੜੀ। ਪਰਵਾਣੁ–ਵੱਟਾ। ਈਸਰ–ਸ਼ਿਵ। ਦਾਨਵ–ਦੈਂਤ, ਰਾਖਸ਼। ਸੁਰਿ ਨਰ–ਸ੍ਰੇਸ਼ਟ ਮਨੁਖ। ਬੋਲੁ ਵਿਗਾੜੁ–ਬੜਬੋਲਾ।

ਪ: ੨੭ :–ਵਾਵਣਹਾਰੇ–ਵਜਾਉਣ ਵਾਲੇ। ਪਰੀ ਸਿਉ–ਰਾਗਣੀਆਂ ਸਮੇਤ। ਕਹੀਅਨਿ–ਕਹੇ ਜਾਂਦੇ ਹਨ। ਬੈਸੰਤਰੁ–ਅੱਗ। ਮਛ–ਮਾਤ ਲੋਕ। ਪਇਆਲੇ–ਪਾਤਾਲ। ਨਾਈ–ਵਡਿਆਈ।

ਪ: ੨੮ :–ਮੁੰਦਾ–ਮੁੰਦਰਾਂ। ਸਰਮੁ–ਉਦਮ, ਮਿਹਨਤ। ਪਤੁ–ਭਾਂਡਾ। ਬਿਭੂਤਿ–ਗੋਹਿਆਂ ਦੀ ਸੁਆਹ। ਖਿੰਥਾ–



www.AKJ.Org

ਗੋਦੜੀ । ਕੁਆਰੀ–ਵਿਕਾਰਾਂ ਤੋਂ ਰਹਿਤ। ਆਈ ਪੰਥੀ–ਜੋਗੀਆਂ ਦਾ ਇਕ ਸ੍ਰੇਸ਼ਟ ਪੰਥ ।ਆਦੇਸੁ–ਨਮਸਕਾਰ । ਅਨੀਲੁ–ਰੂਪ ਰੰਗ ਤੋਂ ਰਹਿਤ। ਅਨਾਦਿ–ਜਿਸ ਦਾ ਕੋਈ ਮੁਢ ਨਹੀਂ ਹੈ। ਅਨਾਹਤਿ–ਅਨ-ਆਹਤਿ, ਨਾਸ ਰਹਿਤ ।

ਪ: ੨੯ :–ਭੁਗਤਿ–ਭੋਜਨ। ਨਾਥੀ–ਨਥੀ ਹੋਈ, ਵਸ ਵਿਚ । ਸੰਜੋਗੁ–ਮੇਲ । ਵਿਜੋਗੁ–ਵਿਛੋੜਾ।

ਪ: ੩੦ :–ਮਾਈ–ਮਾਇਆ। ਵਿਆਹੀ–ਪ੍ਰਸੂਤ ਹੋਏ । ਤਿਨਿ–ਉਸ ਦੇ । ਪਰਵਾਣੁ–ਪਰਤੱਖ। ਵਿਡਾਣੁ–ਅਚਰਜ ਕੌਤਕ।

ਪ: ੩੧ :–ਆਸਣੁ ਭੰਡਾਰ–ਭੰਡਾਰਿਆਂ ਦਾ ਟਿਕਾਣਾ। ਲੋਇ ਲੋਇ–ਹਰ ਇਕ ਭਵਨ ਵਿਚ ।

ਪ: ੩੨ :–ਇਕਦੂ–ਇਕ ਤੋਂ। ਕੀਟਾ–ਕੀੜਿਆਂ ਨੂੰ। ਕੂੜੈ–ਕੂੜੇ ਮਨੁਖ ਦੀ। ਠੀਸ–ਗੱਪ।

ਪ: ੩੩ :–ਆਖਣਿ–ਆਖਣ (ਬੋਲਣ) ਵਿਚ। ਸੁਰਤੀ–ਸੁਰਤ ਵਿਚ। ਸੋਇ–ਉਹੀ। ਕਰਿ ਵੇਖੈ ਸੋਇ–ਉਹੀ ਵਾਹਿਗੁਰੂ (ਸ੍ਰਿਸ਼ਟੀ ਨੂੰ) ਕਰ (ਬਣਾ) ਕੇ ਵੇਖਦਾ (ਸੰਭਾਲ ਕਰਦਾ) ਹੈ।

ਪ: ੩੪ :–ਰਾਤੀ–ਰਾਤਾਂ। ਰੁਤੀ ਥਿਤੀ–ਰੁਤਾਂ ਥਿਤਾਂ। ਧਰਮਸਾਲ–ਧਰਮ ਕਮਾਉਣ ਦਾ ਸਥਾਨ। ਕਰਮੀ ਕਰਮੀ–ਜੀਵਾਂ ਦੇ ਕੀਤੇ ਕਰਮਾਂ ਅਨੁਸਾਰ। ਤਿਥੈ–ਉਸ ਦਰਬਾਰ ਵਿਚ। ਨਦਰੀ ਕਰਮਿ–ਮੇਹਰ ਦੀ ਨਜ਼ਰ ਦੁਆਰਾ। ਕਚ ਪਕਾਈ–ਕਚਿਆਈ ਪਕਿਆਈ।

ਪ: ੩੫ :–ਵੈਸੰਤਰ–ਅਗਨੀਆਂ। ਕਾਨ–ਕਾਨ੍ਹ, ਕ੍ਰਿਸ਼ਨ। ਮਹੇਸ–ਸ਼ਿਵ ਜੀ, ਈਸਰ। ਘਾੜਤਿ ਘੜੀਅਹਿ–ਘਾੜਤ ਵਿਚ ਘੜੇ ਜਾਂਦੇ ਹਨ। ਕੇ ਵੇਸ–ਕਈ ਵੇਸਾਂ ਦੇ। ਮੇਰ–ਪਹਾੜ। ਸੂਰ–ਸੂਰਜ। ਦਾਨਵ–ਰਾਖਸ਼। ਪਾਤ–ਪਾਤਸ਼ਾਹ। ਨਰਿੰਦ–ਰਾਜੇ।

ਪ: ੩੬ :–ਪਰਚੰਡੁ–ਤੇਜ਼, ਪ੍ਰਬਲ। ਬਿਨੋਦ–ਤਮਾਸ਼ੇ। ਕੋਡ–ਕੌਤਕ। ਸੁਰਾਂ–ਦੇਵਤਿਆਂ ਦੀ।

ਪ: ੩੭ :–ਸੀਤੋ ਸੀਤਾ–ਪੂਰਨ ਤੌਰ ਤੇ ਸੀਤਾ ਪ੍ਰੋਤਾ। ਕੇ ਲੋਅ–ਕਈ ਭਵਨਾਂ ਦੇ। ਲੋਅ ਲੋਅ–ਕਈ ਭਵਨ। ਵਿਗਸੈ–ਪ੍ਰਸੰਨ ਹੁੰਦਾ ਹੈ। ਸਾਰੁ–ਲੋਹਾ।

ਪ: ੩੮ :–ਜਤੁ–ਇੰਦਰਿਆਂ ਨੂੰ ਕਾਬੂ ਕਰਨਾ। ਪਾਹਾਰਾ–ਸੁਨਿਆਰੇ ਦੀ ਭੱਠੀ। ਵੇਦੁ–ਗਿਆਨ। ਹਥੀਆਰੁ–ਹਥੌੜਾ। ਖਲਾ–ਧੌਂਕਣੀ (ਚਮੜੇ ਦੀ)। ਤਪਤਾਉ–ਤਪ (ਘਾਲ) ਕਮਾਈ ਕਰਨੀ। ਟਕਸਾਲ–ਘਾੜਤ ਘੜਨ ਦਾ ਕਾਰਖ਼ਾਨਾ । ਨਦਰੀ–ਮਿਹਰ ਦੀ ਨਜ਼ਰ ਕਰਨ ਵਾਲਾ ਵਾਹਿਗੁਰੂ।

ਅੰਤਲਾ ਸਲੋਕ :–ਮਹੱਤ–ਮਹੱਤਵ ਵਾਲੀ, ਵਡੀ। ਦਾਈ–ਖਿਡਾਵੀ, ਖਿਡਾਉਣ ਵਾਲੀ। ਦਾਇਆ–ਖਿਡਾਵਾ। ਵਾਚੈ–ਵੀਚਾਰਦਾ ਹੈ। ਹਦੂਰਿ–ਹਜ਼ੂਰੀ ਵਿਚ। ਕੇ–ਕਈ ਜੀਵ। ਮਸਕਤਿ–ਮਿਹਨਤ, ਘਾਲਨਾ। ਕੇਤੀ–ਕਿੰਨੀ ਹੀ ਖ਼ਲਕਤ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭–੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪–੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੧–੦੦ |
| ਕੇਸਕੀ (ਦਸਤਾਰ) | ੧–੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧–੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨–੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੦–੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦–੫੦ |
| ਤਉ ਕਿਉ ਮੁਰਗੀ ਮਾਰੈ (ਰਲਵਾੜਾ ਜੀ) | ੧–੫੦ | ਗੁਰਮਤਿ ਅਨਹਦ ਸ਼ਬਦ | ,, | ੦–੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲ਼ਾਕਾਤ | ,, | ੦–੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧–੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧–੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦–੭੫ |
| ਗੁਰਬਾਣੀ ਰਹਿਤਨਾਮਾ (੯੦ ਪੰਨੇ) | ੧–੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧–੫੦ |




www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੬)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਔਰੰਗਜ਼ੇਬ ਦੀ ਮੌਤ ਪਿਛੋਂ ਤਖ਼ਤ ਦੀ ਪ੍ਰਾਪਤੀ ਲਈ ਉਸਦੇ ਪੁਤਾਂ ਵਿਚਾਲੇ ਠਣ ਗਈ। ਮੁਅਜ਼ਮ, ਜੋ ਪਿਛੋਂ ਬਹਾਦਰ ਸ਼ਾਹ ਬਣਿਆ, ਨੇ ਆਪਣੇ ਨਿਕਟਵਰਤੀ ਭਾਈ ਨੰਦ ਲਾਲ ਤੇ ਪ੍ਰਸਿਧ ਵਜ਼ੀਰ ਮੁਨਅਮ ਖ਼ਾਨ ਰਾਹੀਂ ਗੁਰ-ਚਰਨਾਂ ਦੀ ਅਸੀਸ ਪ੍ਰਾਪਤ ਕੀਤੀ। ਬਾਪ ਦੇ ਕੀਤੇ ਤੇ ਪਸ਼ਚਾਤਾਪ ਕਰਦਿਆਂ ਅਰਜ਼ ਗੁਜ਼ਾਰੀ ਕਿ ਜੇ ਸਤਿਗੁਰਾਂ ਦੀ ਅਪਾਰ ਕਿਰਪਾ ਨਾਲ ਰਾਜ-ਗੱਦੀ ਉਸਨੂੰ ਮਿਲ ਜਾਵੇ ਤਾਂ ਉਹ ਹੱਕ ਇਨਸਾਫ਼ ਤੇ ਚਲਦਾ ਹੋਇਆ; ਤੁਅਸਬ ਤੋਂ ਉਪਰ ਉਠ ਕੇ ਹਰ ਧਰਮ ਨੂੰ ਬਰਾਬਰ ਸਮਝ ਕੇ ਬਿਨਾਂ ਰੂ-ਰਿਆਇਤ ਦੇ ਰਾਜ ਕਰੇਗਾ। ਰਾਜ ਜਨਤਾ ਦੇ ਹਿਤ ਪ੍ਰਾਇਣ ਹੋਵੇਗਾ। ਜਿਨ੍ਹਾਂ ਹੁਣ ਤਕ ਲੋਕਾਂ ਉਤੇ ਤੇ ਖ਼ਾਸ ਕਰ ਗੁਰੂ-ਘਰ ਨਾਲ ਵਧੀਕੀ ਕੀਤੀ ਹੈ, ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਡੰਨ ਦੇਵੇਗਾ। ਖ਼ੂਨ ਡੋਲ੍ਹਣ ਵਾਲੇ ਕਸਾਸ[1] ਵਜੋਂ ਉਸ ਦੇ ਵਾਰਸਾਂ ਦੇ ਹਵਾਲੇ ਕਰ ਦਿਤੇ ਜਾਣਗੇ। ਜਜ਼ੀਆ ਬੰਦ ਕੀਤਾ ਜਾਵੇਗਾ। ਜ਼ਬਰਦਸਤੀ ਕਿਸੇ ਦਾ ਧਰਮ ਖੋਹਣਾ ਤੇ ਮੰਦਰ ਢਾਉਣੇ ਮਨ੍ਹਾ ਹੋਵੇਗਾ। ਉਹ ੪੨ ਅਫ਼ਸਰ ਤੇ ਰਾਜੇ, ਜਿਨ੍ਹਾਂ ਗੁਰੂ ਘਰ ਤੇ ਜ਼ੁਲਮ ਕੀਤਾ ਹੈ, ਗੁਰੂ ਜੀ ਦੇ ਹਵਾਲੇ ਕੀਤੇ ਜਾਣਗੇ। ਗੁਰੂ ਜੀ ਉਹਨਾਂ ਨੂੰ ਡੰਨ ਦੇਣ ਜਾਂ ਬਖਸ਼ ਦੇਣ, ਇਸ ਵਿਚ ਕੋਈ ਕਿੰਤੂ ਨਹੀਂ ਕਰੇਗਾ, ਆਦਿ ਆਦਿ।

ਜਿਸ ਮੁਗਲੀਆ ਘਰਾਣੇ ਨੇ ਗੁਰੂ ਨਾਨਕ ਦੇਵ ਜੀ ਨੂੰ ਕੈਦ ਕੀਤਾ ਤੇ ਚੱਕੀ ਪਿਸਵਾਈ, ਸ੍ਰੀ ਗੁਰੂ ਅੰਗਦ ਦੇਵ ਤੇ ਤਲਵਾਰ ਚੁਕੀ, ਗੁਰੂ ਅਰਜਨ ਦੇਵ ਜੀ ਨੂੰ ਸਾਜ਼ਿਸ਼ ਰਚ ਕੇ ਸ਼ਹੀਦ ਕੀਤਾ, ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰ ਮੁਕਾਣ ਲਈ ਹਰ ਯਤਨ ਕੀਤਾ ਅਤੇ ਫੌਜਾਂ ਚਾੜ੍ਹੀਆਂ, ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਨੂੰ ਚਾਂਦਨੀ ਚੌਕ ਦਿਲੀ ਵਿਖੇ ਇਸ ਲਈ ਸ਼ਹੀਦ ਕੀਤਾ ਕਿ ਉਹਨਾਂ ਬੇ-ਆਸਰਿਆਂ ਤੇ ਮਜ਼ਲੂਮਾਂ ਦੀ ਬਿਖੜੇ ਸਮੇਂ ਬਾਂਹ ਫੜੀ ਸੀ, ਇਸ ਜ਼ੁਲਮ ਦੇ ਤੂਫਾਨ ਨੂੰ ਠਲ੍ਹ ਪਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਸਾਰੇ ਪਰਵਾਰ ਦਾ ਬਲੀਦਾਨ ਦੇਣਾ ਪਿਆ ਤੇ ਨਾਲ ਹਜ਼ਾਰਾਂ ਸਿੰਘ ਸ਼ਹੀਦ ਹੋਏ, ਅਨੰਦਪੁਰ ਤਬਾਹ ਕੀਤਾ ਗਿਆ, ਜਦ ਉਸ ਮੁਗਲ ਘਰਾਣੇ ਦੇ ਬਦ-ਤਰੀਨ ਕਿਸਮ ਦੇ ਜ਼ਾਲਮ ਬਾਦਸ਼ਾਹ ਦਾ ਪੁਤ ਗੁਰੂ ਘਰ ਨੂੰ ਬੇਨਤੀ ਕਰਦਾ ਹੈ ਕਿ ਜੇ ਉਸ ਨੂੰ ਸਹਾਇਤਾ ਕਰਕੇ ਰਾਜ ਦਿਵਾ ਦਿਤਾ ਜਾਵੇ ਤਾਂ ਉਹ ਬਿਲਕੁਲ ਲੋਕ-ਭਲਾਈ ਵਾਲਾ ਰਾਜ ਚਲਾਵੇਗਾ, ਤਾਂ ਇਹ ਗੁਰੂ ਨਾਨਕ ਦੇ ਘਰ ਦੀ ਅਨੋਖੀ ਸ਼ਾਨ ਹੈ ਕਿ ਉਸ ਉਤੇ ਵੀ ਬਖਸ਼ਿਸ਼ ਕੀਤੀ ਗਈ। ਐਸੇ ਰਾਜ ਦੀ ਸਥਾਪਤੀ ਲਈ ਉਨ੍ਹਾਂ ਸ਼ਸਤਰ-ਧਾਰੀ ਸਿੰਘਾਂ ਦੀ ਫ਼ੌਜ ਭੇਜੀ ਗਈ, ਜਿਨ੍ਹਾਂ ਨੇ ਭਰਾਵਾਂ ਵਿਚਕਾਰ ਤਖ਼ਤ ਦੀ ਪ੍ਰਾਪਤੀ ਲਈ ਹੋ ਰਹੀ ਜੰਗ ਵਿਚ ਸ਼ਾਮਲ ਹੋ ਕੇ ਲੜਾਈ ਦਾ ਪਾਸਾ ਹੀ ਪਲਟ ਦਿਤਾ। ਮੁਅਜ਼ਮ ਦੀ ਜਿਤ ਹੋਈ ਅਤੇ ਆਜ਼ਮ ਸਿੰਘਾਂ ਹਥੋਂ ਮਾਰਿਆ ਗਿਆ। ਮੁਅਜ਼ਮ ਤਾਜ-ਤਖ਼ਤ ਦਾ ਮਾਲਿਕ ਬਣਿਆ ਤੇ ਬਹਾਦਰ ਸ਼ਾਹ ਬਣਿਆ। ਤਖ਼ਤ ਤੇ ਬੈਠ ਕੇ, ਗੁਰੂ ਮਹਾਰਾਜ ਦਾ ਬਹੁਤ ਬਹੁਤ ਸਤਿਕਾਰ ਕੀਤਾ, ਪਰ ਖ਼ੁਦਗਰਜ਼ੀ-ਵੱਸ ਹੋ ਕੇ ਕੀਤੇ ਕਰਾਏ ਵਾਅਦੇ ਸਭ ਭੁਲ ਗਿਆ। ਗੁਰੂ ਮਹਾਰਾਜ ਨੇ ਬਹਾਦਰ ਸ਼ਾਹ ਨੂੰ ਕੋਈ ਸਰਾਪ ਜਾਂ ਬਦ-ਦੁਆ ਨਹੀਂ ਦਿਤੀ, ਪਰ ਇਹਸਾਸ ਜ਼ਰੂਰ ਕਰਾ ਦਿਤਾ ਕਿ ਜੇ ਉਹ ਕੁਝ ਕਰਨ ਤੋਂ ਝਿਜਕਦੇ ਤੇ ਆਪਣੇ ਆਪ ਨੂੰ ਅਸਮੱਰਥ ਸਮਝਦੇ, ਤਾਂ ਸਮਰੱਥ ਖਾਲਸਾ ਉਸ ਨੂੰ ਉਸ ਦੀਆਂ ਅਖਾਂ ਸਾਹਵੇਂ ਹੀ ਕਰ ਵਿਖਾਵੇਗਾ।

ਦਮਦਮਾ ਸਾਹਿਬ (ਤਲਵੰਡੀ ਸਾਬੋ-ਗੁਰੂ ਕਾਸ਼ੀ) ਵਿਖੇ ੯ ਮਹੀਨੇ ੯ ਦਿਨ ਬਿਸਰਾਮ ਤੋਂ ਉਪਰੰਤ ਦਖਣ ਵਲ ਪਿਆਨਾ ਕਰਨ ਲਗਿਆਂ ਬਹੁਤ ਸਾਰੇ ਸਿੰਘਾਂ ਨੂੰ ਵਾਪਸ ਘਰਾਂ ਨੂੰ ਜਾਣ ਦੀਆਂ ਛੁਟੀਆਂ ਬਖ਼ਸ਼ਦਿਆਂ ਉਪਦੇਸ਼ ਕੀਤਾ, "ਸਤਿਗੁਰੂ ਦੇ ਭਾਣੇ ਵਿਚ ਰਹਿਣਾ ਹੈ, ਹੱਕ ਹਲਾਲ ਦੀ ਕਮਾਈ ਕਰ ਕੇ ਵੰਡ ਛਕਣੀ, ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ, ਦਖਣੋਂ ਅਸੀਂ ਕਦ ਮੁੜਾਂਗੇ ਜਾਂ ਮੁੜਾਂਗੇ ਵੀ ਕਿ ਨਹੀਂ, ਅਕਾਲ ਪੁਰਖ ਦੇ ਹੁਕਮ ਵਿਚ ਹੈ। ਜੋ ਆਦੇਸ਼ ਹੁਕਮਨਾਮੇ ਦੇ ਰੂਪ ਵਿਚ ਖਾਲਸਾ ਜੀ ਨੂੰ ਪਹੁੰਚੇ, ਉਸ ਦੀ ਪੂਰਤੀ ਲਈ ਸਦਾ



www.AKJ.Org

ਤਿਆਰ ਰਹਿਣਾ। ਸ਼ਸਤਰ ਸ਼ਕਤੀ ਦਾ ਰੂਪ ਹਨ, ਤੁਹਾਡੇ ਜਿਸਮ ਦਾ ਅੰਗ ਹਨ, ਇਹ ਦੂਰ ਨਹੀਂ ਕਰਨੇ। ਖਾਲਸੇ ਦੀ ਨਿਤ ਚੜ੍ਹਦੀ ਕਲਾ ਹੋਵੇਗੀ। ਸਿਵਾਇ ਅਕਾਲ ਪੁਰਖ ਤੋਂ ਕਿਸੇ ਦਾ ਭੈ ਨਹੀਂ ਮੰਨਣਾ। ਹਰ ਕਾਰ ਵਿਹਾਰ ਦਾ ਫੈਸਲਾ ਗੁਰਮਤੇ ਰਾਹੀਂ ਕਰਨਾ, ਆਪਸ ਵਿਚ ਇਤਫਾਕ ਰਖਣਾ। ਜੰਗ ਯੁਧ ਵੇਲੇ ਹਮੇਸ਼ਾ ਸੱਚ ਦੀ ਜਿਤ ਹੁੰਦੀ ਹੈ। ਜਿਤ ਜਾਂ ਸ਼ਹਾਦਤ ਤੁਹਾਡਾ ਨਸੀਬ ਹੈ। ਜੰਗ ਵਿਚ ਹਾਰਨਾ ਪਾਪ ਨਹੀਂ, ਪਰ ਹਾਰ ਮੰਨ ਜਾਣਾ ਸਭ ਤੋਂ ਵੱਡਾ ਪਾਪ ਹੈ। ਤੁਸੀਂ ਅਕਾਲ ਪੁਰਖ ਦੀ ਫ਼ੌਜ ਹੋ। ਜੰਗ ਵਿਚ ਵੀ ਸੱਚ ਤੇ ਧਰਮ ਨੂੰ ਹਥੋਂ ਨਹੀਂ ਛਡਣਾ। ਜ਼ਖ਼ਮੀ, ਡਿਗੇ ਹੋਏ, ਬਚੇ, ਬੁਢੇ, ਔਰਤ 'ਤੇ, ਜਿਸ ਨੇ ਸ਼ਸਤਰ ਸੁਟ ਦਿਤੇ ਹੋਣ ਅਤੇ ਮੈਦਾਨੋਂ ਭਜ ਨਿਕਲਿਆ ਹੋਵੇ, ਵਾਰ ਨਹੀਂ ਕਰਨਾ। ਲੰਗਰ ਵਿਚ ਵਿਤਕਰਾ ਨਾ ਹੋਵੇ ਤੇ ਲੰਗਰ ਨਗਾਰੇ ਦੀ ਚੋਟ ਲਾ ਕੇ ਛਕਾਇਆ ਜਾਵੇ। ਗੁਰੂ ਨਾਨਕ ਦਾ ਲੰਗਰ, ਜਿਸ ਦਾ ਮੰਚਾਲਕ ਖਾਲਸਾ ਹੈ, ਸਾਰੀ ਮਨੁਖਤਾ ਲਈ ਹੈ। ਗੁਰੂ ਸਦਾ ਤੁਹਾਡਾ ਸਹਾਈ ਹੋਵੇਗਾ।......"

ਦਮਦਮਾ ਸਾਹਿਬ ਵਿਖੇ ਜੋ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤਿਆਰ ਕੀਤੇ ਗਏ ਸਨ, ਉਹਨਾਂ ਚੋਂ ਇਕ ਨਾਲ ਲੈ ਕੇ ਦਖਣ ਨੂੰ ਚਾਲੇ ਪਾ ਦਿਤੇ। ਕੁਝ ਕੁ ਹਜ਼ੂਰੀ ਸਿੰਘਾਂ ਤੋਂ ਬਿਨਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਦਸਮੇਸ਼ ਜੀ ਦੇ ਨਾਲ ਰਹੇ।

ਬਹਾਦਰ ਸ਼ਾਹ ਆਪਣੇ ਲਸ਼ਕਰ ਨਾਲ ਦਖਣ ਵਲ ਜਾ ਰਿਹਾ ਸੀ। ਉਹ ਵੀ ਕਈ ਕਈ ਮਨਜ਼ਲਾਂ ਗੁਰੂ ਜੀ ਦੇ ਸਾਥ ਦਾ ਸੁਭਾਗ ਪ੍ਰਾਪਤ ਕਰਦਾ ਰਿਹਾ। ਨਦੇੜ ਪਹੁੰਚ ਕੇ ਗੁਰੂ ਮਹਾਰਾਜ ਨੇ ਇਥੇ ਟਿਕਾਣਾ ਕੀਤਾ। ਬਹਾਦਰ ਸ਼ਾਹ ਗੁਜਰਾਤ ਵਲ ਉਠੀ ਬਗ਼ਾਵਤ ਨੂੰ ਦਬਾਉਣ ਲਈ ਜਾਣ ਲੱਗਾ ਦਸਮੇਸ਼ ਜੀ ਨੂੰ ਨਾਲ ਲੈ ਜਾਣਾ ਚਾਹੁੰਦਾ ਸੀ, ਕਿਉਂਕਿ ਉਹ ਸਮਝਦਾ ਸੀ ਕਿ ਗੁਰੂ-ਘਰ ਨਾਲ ਕੀਤੇ ਕੌਲਾਂ ਤੋਂ ਉਹ ਫਿਰ ਗਿਆ ਹੈ, ਅਤੇ ਗੁਰੂ ਸਾਹਿਬ ਪਿਛੇ ਰਹਿ ਕੇ ਕਿਤੇ ਕੋਈ ਫ਼ਸਾਦ ਨਾ ਖੜਾ ਕਰ ਦੇਣ। ਪਰ ਇਹ ਉਸ ਦੀ ਸਰਾਸਰ ਭੁਲ ਸੀ, ਜਿਵੇਂ ਕਿ ਪਿਛੋਂ ਹਾਲਾਤ ਨੇ ਸਿਧ ਕਰ ਦਿਤਾ। ਬਾਦਸ਼ਾਹ ਦਾ ਤੌਖਲਾ ਦੂਰ ਕੀਤਾ ਤੇ ਉਹ ਅਗੇ ਤੁਰ ਗਿਆ।

ਨੰਦੇੜ ਵਿਖੇ ਇਕ ਇਤਿਹਾਸਕ ਘਟਨਾ ਵਾਪਰੀ, ਜਿਸ ਨੇ ਸਮੇਂ ਦੀ ਨੁਹਾਰ ਹੀ ਬਦਲ ਕੇ ਰਖ ਦਿਤੀ। ਮਾਧੋ ਦਾਸ ਬੈਰਾਗੀ ਦੇ ਨਸੀਬ ਜਾਗ ਪਏ, ਭਟਕਦੀ ਰੂਹ ਨੂੰ ਸੱਚਾ ਮੁਰਸ਼ਦ ਮਿਲ ਗਿਆ। ਅੰਮ੍ਰਿਤ ਦੀ ਦਾਤ ਪਾ ਕੇ ਮਾਧੋ ਦਾਸ ਬੈਰਾਗੀ ਤੋਂ ਬੰਦਾ ਸਿੰਘ ਬਹਾਦਰ ਬਣ ਗਿਆ। ਦੁਨੀਆ ਤੋਂ ਅਟੰਕ ਹੋ ਕੇ ਅਰਥਹੀਨ ਜੀਵਨ ਬਿਤਾਉਣ ਵਾਲਾ ਖ਼ਾਲਸੇ ਦਾ ਸਿਰਮੌਰ ਜਥੇਦਾਰ ਬਣ ਗਿਆ। ਕਲ ਜੋ ਸਾਧਾਂ ਸੰਤਾਂ ਨੂੰ ਆਪਣੀਆਂ ਰਿੱਧੀਆਂ ਸਿੱਧੀਆਂ ਦੀ ਸ਼ਕਤੀ ਦੁਆਰਾ ਕੋਝੇ ਮਖੌਲਾਂ-ਮਸ਼ਕੂਲਿਆਂ ਤੇ ਭੈੜੀਆਂ ਹਰਕਤਾਂ ਕਾਰਨ ਕਾਂਬਾ ਚੜ੍ਹਾਈ ਰਖਦਾ ਸੀ, ਅੱਜ ਉਹਨਾਂ ਨੂੰ ਉਬਾਰਨ ਲਈ, ਉਹਨਾਂ ਦਾ ਸੇਵਕ ਤੇ ਰਖਿਅਕ ਬਣ ਗਿਆ। ਜ਼ਿੰਦਗੀ ਦੀ ਘੋਰ ਧੂੜ ਵਿਚ ਰੁਲਦਾ ਲੋਹੇ ਦਾ ਨਿਮਾਣਾ ਟੁਕੜਾ ਪਾਰਸ ਦੀ ਇਕ ਛੁਹ ਨਾਲ ਸਵਰਨ ਬਣ ਗਿਆ। ਬੇਅਰਥ ਜੀਵਨ ਪ੍ਰਮਾਰਥੀ ਜੀਵਨ ਵਿਚ ਬਦਲ ਗਿਆ। ਇਸ ਜੀਵਨ-ਪਲਟੇ ਨੇ ਇਤਿਹਾਸ ਵਿਚ ਇਕ ਬਹੁਤ ਹੀ ਵੱਡੇ ਪ੍ਰੀਵਰਤਣ ਦਾ ਮੁਢ ਬੰਨ੍ਹ ਦਿਤਾ। ਜ਼ੁਲਮ ਦੇ ਖਲਵਾੜੇ ਨੂੰ ਚੰਗਿਆੜਾ ਲੱਗ ਗਿਆ, ਭਮਾਕਾ ਉਠਿਆ ਤੇ ਪਲ ਭਰ ਵਿੱਚ ਸਾਰਾ ਖਲਵਾੜਾ ਸੁਆਹ ਦਾ ਢੇਰ ਬਣ ਕੇ ਰਹਿ ਗਿਆ।

ਪੰਜਾਬ ਦੇ ਹਾਲਾਤ, ਪਹਾੜੀ ਰਾਜਿਆਂ ਤੇ ਮੁਗਲ ਹਾਕਮਾਂ ਦੀਆਂ ਵਧੀਕੀਆਂ ਦੇ ਭਾਂਬੜਾਂ ਨੂੰ ਬੁਝਾਉਣ ਲਈ ਗੁਰੂ-ਪਰਵਾਰ ਦਾ ਬਲੀਦਾਨ, ਹਜ਼ਾਰਾਂ ਸਿੰਘਾਂ ਦੀਆਂ ਸ਼ਹਾਦਤਾਂ ਦੀ ਵਿਥਿਆ ਸਿੰਘਾਂ ਪਾਸੋਂ ਸੁਣ ਸੁਣ ਕੇ ਬੰਦਾ ਸਿੰਘ ਭਖ ਕੇ ਤਾਂਬੇ ਵਾਂਗ ਸੁਰਖ ਹੋ ਗਿਆ। ਹੁਣ ਨੰਦੇੜ ਵਿਖੇ ਹੋਰ ਅਟਕਣਾ ਉਸ ਦੇ ਵਸ ਚੋਂ ਬਾਹਰ ਹੋ ਚੁਕਾ ਸੀ। ਉਸ ਦੇ ਦਿਲ ਚੋਂ ਹੂਕ ਉਠ ਰਹੀ ਸੀ ਕਿ "ਗੁਰੂ-ਘਰ ਦੇ ਦੋਖੀ ਤੇ ਮਜ਼ਲੂਮ ਨਿਰਬਲਾਂ ਤੇ ਅਕਹਿ ਅਤਿਆਚਾਰ ਕਰਨ ਵਾਲੇ ਜੀਊਂਦੇ ਹਨ ਤੇ ਦਨਦਨਾਉਂਦੇ ਫਿਰਦੇ ਹਨ। ਧ੍ਰਿਗ ਹੈ ਮੇਰਾ ਜੀਊਣਾ ਜੇ ਇਕ ਇਕ ਦੁਸ਼ਟ ਨੂੰ ਫੜ ਕੇ ਕੀਤੀ ਦਾ ਫਲ ਨਾ ਭੁਗਤਾਵਾਂ। ਮੈਂ ਕਲਗੀਧਰ ਤੋਂ ਅੰਮ੍ਰਿਤ ਪਾਨ ਕਰ ਕੇ ਸਿੰਘ ਸਜਿਆ ਹਾਂ, ਮੈਂ ਅੰਮ੍ਰਿਤ ਨੂੰ ਲਾਜ ਨਹੀਂ ਲਾਵਾਂਗਾ। ਬੱਸ ਇਕ ਹੀ ਸਿੱਕ ਹੈ ਕਿ ਮੇਰਾ ਮਾਲਿਕ ਆਪਣੇ ਬੰਦੇ ਨੂੰ ਆਗਿਆ ਬਖਸ਼ੇ


www.AKJ.Org

ਤੇ ਅਸੀਸ ਦੇ ਕੇ ਪੰਜਾਬ ਵਲ ਤੋਰ ਦੇਵੇ।"

ਦਿਲ ਦੇ ਵਲਵਲੇ ਸ਼ਬਦਾਂ ਦਾ ਰੂਪ ਧਾਰ ਕੇ ਜ਼ੁਬਾਨ ਤੇ ਆਏ। ਬੜੀ ਨਿਮਰਤਾ ਨਾਲ ਦਸਮੇਸ਼ ਜੀ ਦੇ ਹਜ਼ੂਰ ਅਰਜ਼ੋਈ ਕੀਤੀ ਕਿ "ਦਾਤਾ ਜੀ, ਜਿਥੇ ਅੰਮ੍ਰਿਤ ਦੀਆਂ ਦਾਤਾਂ ਬਖਸ਼ ਕੇ ਸਿੰਘ-ਜੀਵਨ ਬਖਸ਼ਿਐ, ਤੇ ਆਪਣੇ ਬਲਕਾਰ ਖਾਲਸੇ ਵਿਚ ਅਭੇਦ ਕਰ ਲਿਆ ਹੈ, ਹੁਣ ਥਾਪੜਾ ਦੇ ਕੇ ਆਗਿਆ ਬਖਸ਼ੋ ਤੇ ਪੰਜਾਬ ਵਲ ਤੋਰੋ ਤਾਂ ਜੁ ਮੈਂ ਡੁਲ੍ਹੇ ਪਵਿੱਤਰ ਖ਼ੂਨੀ ਤੇ ਅਨੇਕਾਂ ਸ਼ਹੀਦਾਂ ਦਾ ਖ਼ੂਨ ਡੋਲ੍ਹਣ ਵਾਲਿਆਂ ਦੀ ਸੁਧਾਈ ਕਰ ਸਕਾਂ। ਦਿਲ ਨਹੀਂ ਚਾਹੁੰਦਾ ਆਪ ਜੀ ਦੇ ਚਰਨਾਂ ਤੋਂ ਪਲ ਲਈ ਵੀ ਪਰੇ ਹੋਵਾਂ, ਪਰ ਪੰਜਾਬ ਦੀ ਧਰਤੀ ਤੇ ਡੁਲ੍ਹਿਆ ਮੇਰੇ ਸ਼ਹੀਦ ਵੀਰਾਂ ਦਾ ਖ਼ੂਨ ਮੈਨੂੰ ਵੰਗਾਰ ਰਿਹਾ ਹੈ। ਆਪ ਦੀ ਬਖ਼ਸ਼ਸ਼ ਨਾਲ ਮੈਂ ਮੁਗਲਾਂ ਦੀ ਆਕੜ ਤੇ ਸੀਨਾ-ਜ਼ੋਰੀ ਨੂੰ ਤੇਗ ਦੀ ਧਾਰ ਤੇ ਤੋਲ ਦਿਆਂਗਾ। ਵੈਰਾਗ ਨੇ ਜੀਵਨ ਚੋਂ ਸੱਤਿਆ ਕਢ ਕੇ ਅਧਮੋਇਆ ਕਰਕੇ ਮਿੱਟੀ ਵਿਚ ਰਲਾ ਛਡਿਆ ਸੀ, ਹੁਣ ਅੰਮ੍ਰਿਤ ਦੀ ਰਹਿਮਤ ਨੇ ਮੇਰੇ ਮੁਰਦਾ ਜਿਸਮ ਵਿਚ ਤੂਫ਼ਾਨ ਪੈਦਾ ਕਰ ਦਿਤਾ ਹੈ, ਇਸ ਵਿਚ ਲਖਾਂ ਬਿਜਲੀਆਂ ਗਰਜ ਰਹੀਆਂ ਹਨ, ਇਹ ਤੂਫ਼ਾਨ ਹੁਣ ਨੰਦੇੜ ਵਿਖੇ ਰੁਕਣ ਵਾਲਾ ਨਹੀਂ, ਇਹ ਇਥੋਂ ਉਠ ਕੇ ਪੰਜਾਬ ਤੇ ਝੁਲੇਗਾ, ਇਸ ਵਿਚ ਚਮਕਦੀਆਂ ਗਰਜਦੀਆਂ ਬਿਜਲੀਆਂ ਦੁਸ਼ਟਾਂ ਦੇ ਹੰਕਾਰੀ ਸਿਰਾਂ ਤੇ ਟੁਟਣਗੀਆਂ। ਮੇਰੇ ਮਾਲਿਕ, ਮਿਹਰ ਕਰੋ ਤੇ ਆਗਿਆ ਬਖਸ਼ੋ।"

ਗੁਰੂ ਜੀ ਨੇ ਪ੍ਰਸੰਨ ਹੋ ਕੇ ਅਸੀਸ ਦਿਤੀ। ਉਸ ਨੂੰ ਉਸ ਦੇ ਸਾਰੇ ਫ਼ਰਜ਼ ਸਮਝਾਏ। ਆਪਣੇ ਭਥੇ ਚੋਂ ਪੰਜ ਤੀਰ ਬਖ਼ਸ਼ੇ, ਸ੍ਰੀ ਸਾਹਿਬ, ਨਿਸ਼ਾਨ ਤੇ ਨਗਾਰਾ ਮਿਹਰੰਮਤ ਕੀਤੇ। ਨਸੀਹਤ ਕੀਤੀ ਕਿ ਹਰ ਫ਼ੈਸਲਾ ਮੁਖੀ ਪੰਜਾਂ ਸਿੰਘਾਂ ਨਾਲ ਗੁਰਮਤਾ ਕਰਕੇ ਲੈਣਾ ਹੈ। ਖਾਲਸੇ ਦੇ ਅਧੀਨ ਰਹਿਣਾ ਹੈ। ਆਪਣੇ ਆਪ ਨੂੰ ਖਾਲਸਾ ਜੀ ਤੋਂ ਉਚਾ ਨਹੀਂ ਸਮਝਣਾ, ਨਾ ਹੀ ਖਾਲਸੇ ਦੀ ਮਰਜ਼ੀ ਦੇ ਉਲਟ ਕੋਈ ਕਦਮ ਚੁਕਣਾ ਹੈ। ਖਾਲਸੇ ਦੇ ਸਮਾਨ ਬੈਠਣਾ ਹੈ, ਉਚੇਰੀ ਥਾਂ ਤੇ ਨਹੀਂ ਬੈਠਣਾ। ਵਾਹਿਗੁਰੂ ਸਦਾ ਅੰਗ ਸੰਗ ਹੋਵੇਗਾ।

ਬੰਦਾ ਸਿੰਘ ਜਦ ਨੰਦੇੜੋਂ ਚਲਿਆ ਤਾਂ ਸਾਰਾ ੨੬ ਸਿੰਘਾਂ ਦਾ ਜਥਾ ਸੀ। ੨੫ ਹੋਰ ਸਿੰਘ ਤੇ ੨੬ਵਾਂ ਆਪ। ਬਾਬਾ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਫ਼ਤਹ ਸਿੰਘ, ਰਾਮ ਸਿੰਘ ਤੇ ਸੁਖਾ ਸਿੰਘ ਉਘੇ ਸਿੰਘ ਇਹਨਾਂ ਵਿਚ ਸ਼ਾਮਲ ਸਨ।

ਇਹ ਜਥਾ ਮਾਰੋ ਮਾਰ ਕਰਦਾ ਹੋਇਆ ਪੜਾਉ ਪੜਾਈ ਸ਼ਹਿਰ ਖੰਡੇ ਦਾ ਪਿੰਡ, ਜੋ ਦਿਲੀਓਂ ਲਹਿੰਦੇ ਦਖਣ ਵਿਚ ਕੁਝ ਫ਼ਾਸਲੇ ਤੇ ਸੀ, ਵਿਖੇ ਜਾ ਪੜਾ ਕੀਤਾ। ਇਥੋਂ ਮਾਝੇ ਮਾਲਵੇ ਦੁਆਬੇ ਨੂੰ ਪ੍ਰਵਾਨੇ ਤੋਰੇ ਕਿ ਸਿੰਘ ਸ਼ਸਤਰ-ਬਧ ਹੋ ਕੇ ਜਲਦੀ ਤੋਂ ਜਲਦੀ ਆ ਮਿਲਣ। ਮੁਕਤਸਰ ਸਾਹਿਬ ਦੀ ਲੜਾਈ ਤੋਂ ਪਿਛੋਂ ਜਦੋਂ ਦਸਮੇਸ਼ ਜੀ ਕੁਝ ਸਮਾਂ ਤਲਵੰਡੀ ਸਾਬੋ ਰਹਿ ਕੇ ਦਖਣ ਨੂੰ ਚਲੇ ਗਏ ਸਨ ਤੇ ਸਿੰਘਾਂ ਨੂੰ ਖੁਸ਼ੀਆਂ ਬਖਸ਼ ਕੇ ਘਰਾਂ ਨੂੰ ਤੋਰ ਗਏ ਸਨ, ਬਸ ਇਸੇ ਸੁਨੇਹੇ ਦੀ ਉਡੀਕ ਵਿਚ ਸਨ ਜੋ ਬੰਦਾ ਸਿੰਘ ਦੇ ਭੇਜੇ ਆਦਮੀਆਂ ਨੇ ਆਣ ਦਿੱਤਾ। ਬਸ ਫਿਰ ਦੇਰ ਕਾਹਦੀ ਸੀ, ਵਹੀਰਾਂ ਘਤ ਕੇ ਸਿੰਘ ਆਣ ਮਿਲੇ। ਮਾਝੇ ਦਿਆਂ ਸਿੰਘਾਂ ਨੂੰ ਔਖ ਆਈ, ਕਿਉਂਕਿ ਸੂਬਾ ਸਰਹੰਦ ਤੇ ਮਲੇਰਕੋਟੀਆਂ ਦੀਆਂ ਰਲਵੀਆਂ ਫ਼ੌਜਾਂ ਨੇ ਰਸਤੇ, ਖਾਸ ਕਰ ਦਰਿਆ ਦੇ ਪਤਣ ਰੋਕੇ ਹੋਏ ਸਨ। ਇਹ ਸਿੰਘ ਕਈ ਔਕੜਾਂ ਝਾਗਦੇ ਹੋਏ ਰੋਪੜ ਲਾਗਿਓਂ ਦਰਿਆ ਸਤਲੁਜ ਟੱਪ ਕੇ, ਵੈਰੀ ਨੂੰ ਮਾਰਦੇ ਕਟਦੇ ਹੋਏ ਕੀਰਤਪੁਰ ਨੇੜਿਓਂ ਦੀ ਹੋ ਕੇ ਕੁਝ ਫ਼ਾਸਲੇ ਤੇ ਬੰਦਾ ਸਿੰਘ ਨੂੰ ਜਾ ਮਿਲੇ। ਬੰਦਾ ਸਿੰਘ ਇਸਮਾਈਲਾਬਾਦ, ਮੁਸਤਫ਼ਾਬਾਦ, ਸਢੌਰਾ, ਕਪੂਰੀ, ਅਜ਼ੀਜ਼ਾਬਾਦ ਵਗੈਰਾ ਦੀ ਸੁਧਾਈ ਕਰ ਚੁਕਾ ਸੀ। ਹੁਣ ਵਾਰੀ ਆਈ ਸਰਹੰਦ ਦੀ।

ਜਦ ਬੰਦਾ ਸਿੰਘ ਨੇ ਸ਼ਹਿਰ ਖੰਡੇ ਲਾਗੇ ਦਿਲੀ ਨੂੰ ਜਾ ਰਿਹਾ ਸ਼ਾਹੀ ਖਜ਼ਾਨਾ, ਹਥਿਆਰ, ਘੋੜੇ ਤੇ ਬਹੁਤ ਸਾਰਾ ਮਾਲ ਅਸਬਾਬ ਲੁਟ ਲਿਆ ਸੀ ਤੇ ਫੌਜੀ ਦਸਤਾ ਮਾਰ ਖਾ ਕੇ ਭਜ ਗਿਆ ਸੀ ਤਾਂ ਵਜ਼ੀਦ ਖਾਨ ਸਮਝ ਗਿਆ ਸੀ ਕਿ ਉਹਦੇ ਸਿਰ ਤੇ ਵੀ ਛੇਤੀ ਹੀ ਕਿਆਮਤ ਟੁਟਣ ਵਾਲੀ ਹੈ। ਉਸ ਨੇ ਬੜੀ ਜ਼ਬਰਦਸਤ ਤਿਆਰੀ ਆਰੰਭੀ ਹੋਈ ਸੀ। ਸੁਖ! ਉਹ ਵੀ ਦਿਨ ਆ ਪਹੁੰਚਿਆ ਜਦ ਕੀਤੀਆਂ ਕਰਤੂਤਾਂ ਦਾ ਫਲ ਝੋਲੀ ਪੈਣਾ ਸੀ। ਦੋਵੇਂ ਦਲ ਚਪੜ ਚਿੜੀ ਦੇ ਮੈਦਾਨ ਵਿਚ ੧੨ ਮਈ ੧੭੧੦ ਵਾਲੇ ਦਿਨ ਮਥੇ ਜੋੜ ਕੇ ਜੁਟ ਪਏ।[੨] ਤੋਪਾਂ ਦੀ ਗੜਗੜਾਹਟ



www.AKJ.Org

ਤੇ ਵਰ੍ਹਦੀ ਅੱਗ ਨੇ ਲੂਟ-ਟੋਲੇ, ਜੋ ਬੰਦਾ ਸਿੰਘ ਦੀ ਚੜ੍ਹਤ ਨੂੰ ਵੇਖ ਤੇ ਲੁਟ ਮਾਰ ਦੇ ਲਾਲਚ-ਵਸ ਹੋ ਕੇ ਨਾਲ ਰਲ ਗਏ ਸਨ, ਧੂੜ ਦੇ ਬੱਦਲਾਂ ਵਾਂਗ ਕਿਧਰੇ ਉਡਾ ਦਿਤੇ। ਧਰਮੀ ਤੇ ਅਸਲੀ ਸਿੰਘ ਤੋਪਾਂ, ਬੰਦੂਕਾਂ ਤੇ ਤੀਰਾਂ ਦੀ ਬੁਛਾੜ ਮੂਹਰੇ ਸੀਨੇ ਤਾਣ ਚਟਾਨਾਂ ਵਾਂਗ ਡਟ ਗਏ। ਬੰਦਾ ਸਿੰਘ ਦੇ ਸੂਰਮੇ ਸਿੰਘਾਂ ਪਾਸ ਕਿਸੇ ਤੋਪ ਦੇ ਹੋਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਕਿਸੇ ਵਿਰਲੇ ਟਾਵੇਂ ਪਾਸ ਗਜ਼ ਨਾਲ ਠੋਕ ਕੇ ਚਲਾਉਣ ਵਾਲਾ ਰਾਮ ਜੰਗਾ (ਬੰਦੂਕ), ਕੁਝ ਪਾਸ ਤੀਰ ਕਮਾਨ, ਬਹੁਤਿਆਂ ਪਾਸ ਬਰਛੇ ਤੇ ਕਿਰਪਾਨਾਂ ਹੀ ਸਨ। ਪਰ ਸਭ ਤੋਂ ਵੱਡਾ ਹਥਿਆਰ ਉਹਨਾਂ ਪਾਸ ਮਰ ਮਿਟਣ ਦਾ ਜਜ਼ਬਾ ਤੇ ਸ਼ਹਾਦਤ ਪਾਉਣ ਦੀ ਸਿੱਕ ਸੀ। ਗੁਰੂ-ਘਰ ਦਾ ਵੈਰੀ ਤੇ ਸਾਹਿਬਜ਼ਾਦਿਆਂ ਦਾ ਕਾਤਲ ਅੱਜ ਅੱਖਾਂ ਦੇ ਸਾਹਮਣੇ ਸੀ! ਚੜ੍ਹਦੇ ਸੂਰਜ ਦੀ ਲਾਲੀ ਵਾਂਗ ਸਿੰਘ ਰੋਹ ਨਾਲ ਲਾਲੋ ਲਾਲ ਹੋਏ ਪਏ ਸਨ। ਅੱਜ ਮੈਦਾਨ ਚੋਂ ਜੀਉਂਦਾ ਇਕ ਧਿਰ ਹੀ ਵਾਪਸ ਪਰਤੂਗਾ। ਇਕ ਵਾਰ ਤਾਂ ਲੜਾਈ ਨੇ ਇਹ ਰੰਗ ਧਾਰ ਲਿਆ ਕਿ ਲਗਦਾ ਸੀ ਸ਼ਾਹੀ ਫੌਜ ਹਾਵੀ ਹੋਈ ਕਿ ਹੋਈ। ਪਰ ਦੂਜੇ ਪਾਸੇ ਸਿੰਘ ਨਾ ਹਿਲੇ ਨਾ ਥਿੜਕੇ, ਬਿਲਕੁਲ ਅਡੋਲ ਤੇ ਸਾਬਤ-ਕਦਮ ਰਹੇ। ਤੋਪਾਂ ਚੋਂ ਛੁਟੇ ਸੁਰਖ਼ ਹੋਏ ਗੁਬਾਂ ਤੇ ਭਖਦੀਆਂ ਲੋਹੇ ਦੀਆਂ ਜ਼ੰਜੀਰਾਂ ਨੇ ਬੰਦਾ ਸਿੰਘ ਦੇ ਸਿੰਘਾਂ ਦਾ ਬੜਾ ਹੀ ਨੁਕਸਾਨ ਕੀਤਾ। ਦੁਵਲਿਓਂ ਲਾਸ਼ਾਂ ਨਾਲ ਮੈਦਾਨ ਅੱਟ ਗਿਆ। ਸਿੰਘ ਪੁਰਜ਼ਾ ਪੁਰਜ਼ਾ ਹੋ ਕੇ ਡਿਗ ਰਹੇ ਸਨ। ਪਰ ਕੀ ਮਜਾਲ ਕਿਸੇ ਨੇ ਕਦਮ ਪਿਛਾਂਹ ਹਟਾਏ ਹੋਣ। ਹੁਣ ਬੰਦਾ ਸਿੰਘ, ਜੋ ਇਕ ਉਚੀ ਟਿੱਬੀ ਤੋਂ ਲੜਾਈ ਦਾ ਰੰਗ-ਢੰਗ ਵੇਖ ਰਿਹਾ ਸੀ, ਘੋੜਾ ਛੇੜ ਕੇ ਆਪ ਭਖ ਚੁਕੀ ਲੜਾਈ ਵਿਚਕਾਰ ਆ ਗਿਆ। ਸਿੰਘਾਂ ਦਾ ਜੋਸ਼ ਦੂਣ ਸਵਾਇਆ ਹੋ ਗਿਆ। ਫਰਨ ਫਰਨ ਤੇਗਾਂ ਚਲਣ ਲੱਗੀਆਂ। ਸਿਰ, ਲੱਤਾਂ, ਬਾਹਵਾਂ ਤੇ ਧੜ ਝੜ ਝੜ ਡਿਗਣ ਲੱਗੇ। ਨੇਜ਼ੇ ਗਰਚ ਗਰਚ ਸੀਨੇ ਪਾੜ ਰਹੇ ਸਨ। ਕਿਧਰੇ ਕੁਲੇ ਤੇ ਖੋਂਦ ਰੁਲ ਰਹੇ ਸਨ। ਕਿਧਰੇ ਸਿੰਘਾਂ ਦੇ ਕੱਟੇ ਹੋਏ ਸੀਸ ਘੋੜਿਆਂ ਦੇ ਪੌੜਾਂ ਥੱਲੇ ਮਿਧੇ ਜਾ ਰਹੇ ਸਨ। ਤੋਪਾਂ ਦੀ ਗੜਗੜਾਹਟ ਘੋੜਿਆਂ ਦੀ ਹਿਣਹਿਣਾਹਟ, ਹਾਥੀਆਂ ਦੀਆਂ ਚਿੰਘਾਰਾਂ, ਅੱਲਾ ਹੂ ਅਕਬਰ ਦੇ ਨਾਅਰੇ ਤੇ ਸਿੰਘਾਂ ਦੇ ਜੈਕਾਰੇ, ਘਾਇਲਾਂ ਦੀ ਹਾਏ ਹਾਏ, ਮੌਤ ਦਾ ਭਿਆਨਕ ਨਾਚ, ਮਾਨੋ ਪਰਲੋ ਹੀ ਆ ਗਈ ਹੋਵੇ। ਕਿਸੇ ਨੂੰ ਕੁਝ ਸੁਝ ਨਹੀਂ ਸੀ ਰਿਹਾ ਕਿ ਕੀ ਹੋਣ ਵਾਲ ਹੈ। ਵਜ਼ੀਦ ਖਾਂ ਨੇ ਅੱਲਾ ਤੇ ਰਸੂਲ ਦਾ ਵਾਸਤਾ ਪਾਇਆ ਮਲੇਰਕੋਟੀਆਂ ਨੂੰ ਉਭਾਰਿਆ, ਮਰਤਬੇ ਵਧਾਉਣ ਦੇ ਵਾਅਦੇ ਤੇ ਨਾਲ ਸਿੰਘਾਂ ਦੇ ਵਧ ਰਹੇ ਯਲਗਾਰ ਦਾ ਡਰਾਵਾ ਵੀ, ਕਿ ਜੇ ਪੂਰਾ ਤਾਣ ਨਾ ਲਾਇਆ ਤੇ ਕਿਸੇ ਕਿਸਮ ਦੀ ਢਿਲ ਕੀਤੀ ਤਾਂ ਸਮਝੋ ਸਿਖ ਕਾਫ਼ਰਾਂ ਦੀ ਤਲਵਾਰ ਤੁਹਾਨੂੰ ਜ਼ਿੰਦਾ ਬਚ ਕੇ ਨਹੀਂ ਜਾਣ ਦੇਵੇਗੀ। ਅੱਜ ਦਾ ਦਿਨ ਕਿਆਮਤ ਦਾ ਦਿਨ ਸਮਝੋ। ਜਿਤਣ ਚਿ ਹੀ ਸਾਡਾ ਤੁਹਾਡਾ ਬਚਾਅ ਹੈ, ਹਾਰ ਦੀ ਸ਼ਕਲ ਵਿਚ ਆਪਾਂ ਨੇ ਤਾਂ ਮਰਨਾ ਹੀ ਹੈ, ਤੁਹਾਡਾ ਬਾਲ ਬੱਚਾ ਵੀ ਜੀਉਂਦਾ ਨਾ ਛਡਣਗੇ। ਤੁਹਾਡੀ ਨਸਲ ਹੀ ਖ਼ਤਮ ਹੋ ਜਾਵੇਗੀ। ਇਥੋਂ ਨੱਸ ਕੇ ਬਚ ਨਿਕਲਣ ਦਾ ਕੋਈ ਰਾਹ ਨਹੀਂ ਹੈ। ਸੋ ਗਾਜ਼ੀਓ, ਤੋਹੀਦ ਦਾ ਨਾਅਰਾ ਮਾਰ ਕੇ ਅੱਗੇ ਵਧੋ, ਵਧ ਕੇ ਹੱਥ ਮਾਰੋ। ਦੁਸ਼ਮਣ ਗਿਣਤੀ ਵਿਚ ਵੀ ਘਟ ਹੈ ਤੇ ਉਸ ਪਾਸ ਤੁਹਾਡੇ ਵਰਗੇ ਹਥਿਆਰ ਵੀ ਨਹੀਂ, ਉਹਨਾਂ ਪਾਸ ਕੋਈ ਤੋਪਖਾਨਾ ਨਹੀਂ। ਤੁਹਾਡੇ ਪਾਸ ਵਧੀਆ ਜਜ਼ਾਈਲਾਂ ਹਨ। ਉਹਨਾਂ ਦੇ ਤੀਰਾਂ ਤੋਂ ਤੁਹਾਨੂੰ ਕਾਹਦਾ ਡਰ ਹੈ। ਅੱਲਾ ਦੇ ਸ਼ੇਰੋ, ਹੈਦਰੀ ਨਾਅਰਾ ਲਾ ਕੇ ਹੱਥੀਂ ਫੜ ਲਵੋ। ਫਿਰ ਆਕਾਸ਼-ਕੰਬਾਊ ਨਾਅਰੇ ਗੂੰਜੇ : "ਯਾ ਅਲੀ! ਯਾ ਅਲੀ!!" ਲੜਾਈ ਦਾ ਰੁਖ ਹੋਰ ਬਦਲ ਗਿਆ। ਤੇਗਾਂ ਦੀਆਂ ਢਾਲਾਂ ਤੇ ਸੱਟਾਂ ਜਿਉਂ ਆਹਰਣ ਤੇ ਵਧਾਨ ਦੀ ਸੱਟਾਂ ਪੈਂਦੀਆਂ ਹਨ, ਇੰਜ ਪੈਣ ਲੱਗੀਆਂ। ਸੂਰਮਿਆਂ ਮਾਰ ਮਾਰ ਢਾਲਾਂ ਤੇ ਮੜ੍ਹੇ ਹੋਏ ਗੈਂਡਿਆਂ ਗੋਹਾਂ ਦੇ ਚਮੜੇ ਉਧੇੜ ਸੁਟੇ। ਤੇਗਾਂ ਦੇ ਫਲ ਟੁਟੇ, ਕਈ ਢਾਲਾਂ ਮਕਈ ਦੇ ਟੁਕ ਦੀਆਂ ਬੁਰਕੀਆਂ ਵਾਂਗ ਟੁਟ ਟੁਟ ਡਿਗੀਆਂ। ਇੰਜ ਲੱਗ ਰਿਹਾ ਸੀ ਜਿਵੇਂ ਲੜਾਈ ਸਿਖਰ ਤੇ ਆ ਕੇ ਖਲੋ ਗਈ ਹੈ।

ਮਲੇਰ ਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਆਪਣੀ ਫ਼ੌਜ ਨਾਲ ਸੱਜੇ ਹੱਥ ਸੀ, ਦੀਵਾਨ ਸੁਚਾ ਨੰਦ ਖਬੇ ਹੱਥ ਵਾਲੀ ਫ਼ੌਜ ਦਾ ਕਮਾਂਡਰ ਸੀ ਤੇ ਵਜ਼ੀਦਖਾਨ ਆਪ ਵਿਚਕਾਰ ਵਾਲੀ ਫ਼ੌਜ ਦਾ ਜਰਨੈਲ ਸੀ। ਦੂਜੇ ਪਾਸੇ ਸੱਜੇ ਹੱਥ ਬਾਜ ਸਿੰਘ ਸੁਚਾਨੰਦ ਦੇ ਸਾਹਮਣੇ, ਵਿਚਕਾਰ ਬੰਦਾ ਸਿੰਘ ਵਜ਼ੀਦ ਖ਼ਾਂ ਦੇ ਮੂਹਰੇ ਤੇ ਬਾਬਾ ਬਿਨੋਦ ਸਿੰਘ ਖਬੇ ਪਾਸੇ ਨਵਾਬ ਮਲੇਰ ਕੋਟਲੇ ਦੇ ਆਹਮੋ ਸਾਹਮਣੇ। ਸੁਚਾਨੰਦ ਬਾਜ ਸਿੰਘ ਦੇ ਹੱਲਿਆਂ ਅਗੇ ਅੜ ਨਾ ਸਕਿਆ



www.AKJ.Org

ਤੇ ਭਜ ਖਲੋਤਾ। ਪਰ ਸਿੰਘਾਂ ਨਿਕਲਣ ਨਾ ਦਿਤਾ, ਬੁਰੀ ਤਰ੍ਹਾਂ ਜ਼ਖਮੀ ਹੋ ਕੇ ਫੜਿਆ ਗਿਆ। ਸ਼ੇਰ ਮੁਹੰਮਦ ਤੇ ਬਾਬਾ ਬਿਨੋਦ ਸਿੰਘ ਦੀ ਟੱਕਰ ਮਾਅਤਕੇ ਦੀ ਹੋਈ। ਸ਼ੇਰ ਮੁਹੰਮਦ ਦਾ ਹੱਥ ਭਾਵੇਂ ਉਤੇ ਸੀ, ਪਰ ਉਹ ਬਿਨੋਦ ਸਿੰਘ ਨੂੰ ਪੈਰੋਂ ਨਾ ਹਿਲਾ ਸਕਿਆ। ਉਸ ਨੇ ਬੜੇ ਜੋਸ਼ ਨਾਲ ਇਕ ਤੋਂ ਇਕ ਕਰ ਦੇਣ ਵਾਲਾ ਹੱਲਾ ਕੀਤਾ, ਬਿਨੋਦ ਸਿੰਘ ਦੇ ਆਦਮੀ ਜੰਮੇ ਰਹੇ। ਖਾਨ ਦੀ ਪੇਸ਼ ਨਾ ਗਈ। ਆਪਣੇ ਜਵਾਨਾਂ ਨੂੰ ਲਲਕਾਰ ਹੀ ਰਿਹਾ ਸੀ ਜਦ ਉਸ ਦੇ ਸੀਨੇ ਚੋਂ ਗੋਲੀ ਪਾਰ ਹੋ ਗਈ। ਆਗੂ ਮਰਿਆ ਵੇਖ ਕੇ ਉਸ ਦੇ ਸਿਪਾਹੀ ਬੇਦਿਲ ਹੋ ਕੇ ਨਸੇ ਹੀ ਸਨ ਕਿ ਬਾਜ ਸਿੰਘ, ਜੋ ਸੁਚਾ ਨੰਦ ਦੇ ਆਦਮੀਆਂ ਨੂੰ ਖੇਰੂੰ ਖੇਰੂੰ ਕਰ ਚੁਕਾ ਸੀ, ਇਹਨਾਂ ਭਜਦਿਆਂ ਤੇ ਟੁੱਟ ਪਿਆ। ਪਲ ਭਰ ਵਿਚ ਲਾਸ਼ਾਂ ਦੇ ਸਥਰ ਵਿਛ ਗਏ। ਹੁਣ ਬਿਨੋਦ ਸਿੰਘ, ਬਾਜ ਸਿੰਘ ਬੰਦਾ ਸਿੰਘ ਵਾਲੇ ਪਾਸੇ ਹੋਏ ਤੇ ਵਜ਼ੀਦ ਖ਼ਾਂ ਦੇ ਲਸ਼ਕਰ ਨੂੰ ਸੱਨ੍ਹੀ ਵਿਚ ਲੈ ਲਿਆ। ੧੨ ਮਈ ਦੀ ਤਿਖੜ ਦੁਪਹਿਰ ਆਪਣਾ ਜੋਬਨ ਵਿਖਾ ਰਹੀ ਸੀ, ਜਦ ਵਜ਼ੀਦ ਖਾਨ ਮਾਰਿਆ। ਉਸ ਦਾ ਸਿਰ ਵੱਢ ਕੇ ਇਕ ਸਿੰਘ ਲੈ ਕੇ ਉਸੇ ਦੇ ਹਾਥੀ ਤੇ ਚੜ੍ਹ ਗਿਆ ਤੇ ਨੇਜ਼ੇ ਤੇ ਟੰਗੇ ਸਿਰ ਨੂੰ ਉਤਾਂਹ ਕੀਤਾ। ਜਦ ਉਸ ਦੇ ਅਫ਼ਸਰਾਂ ਤੇ ਸਿਪਾਹੀਆਂ ਨੇ ਆਪਣੇ ਆਗੂ ਦਾ ਸਿਰ ਵਢਿਆ ਹੋਇਆ ਨੇਜ਼ੇ ਤੇ ਟੰਗਿਆ ਵੇਖਿਆ ਤਾਂ ਸਭ ਦਿਲ ਹਾਰ ਕੇ ਮੈਦਾਨੋਂ ਸਰਹੰਦ ਵਲ ਨੂੰ ਭੱਜ ਤੁਰੇ। ਸਿੰਘਾਂ ਦੇ ਘੋੜ-ਸਵਾਰ ਨੇਜ਼ੇ ਤੇਗਾਂ ਲੈ ਕੇ ਮੌਢੀਂ ਚੜ੍ਹ ਗਏ। ਚਪੜ ਚਿੜੀ ਤੋਂ ਸਰਹੰਦ ੨੦ ਕਿਲੋਮੀਟਰ ਹੈ, ਇਹ ਸਾਰਾ ਰਾਹ ਭਗੋੜਿਆਂ ਦੀਆਂ ਲਾਸ਼ਾਂ ਨਾਲ ਅੱਟ ਦਿਤਾ।

੧੨ ਮਈ ੧੭੧੦ ਈ: ਦੀ ਦੁਪਹਿਰ ਤਕ ਇਹ ਲਹੂ-ਵੀਟਵੀਂ ਲੜਾਈ ਖ਼ਤਮ ਹੋ ਗਈ। ਇਸੇ ਦਿਨ ਰਾਤ ਦੇ ਅੰਨ੍ਹੇਰੇ ਵਿਚ ਸਿੰਘਾਂ ਸਰਹੰਦ ਅੱਪੜ ਕੇ ਕਿਲ੍ਹੇ ਨੂੰ ਘੇਰਾ ਪਾ ਲਿਆ। ਅਗਲੇ ਦਿਨ ੧੩ ਮਈ ੧੭੧੦ ਈ: ਨੂੰ ਕਿਲ੍ਹੇ ਦੀਆਂ ਦੀਵਾਰਾਂ ਉਪਰ ਚੜ੍ਹਾਈਆਂ ਤੋਪਾਂ ਨੇ ਸਿੰਘਾਂ ਦਾ ਬਹੁਤ ਨੁਕਸਾਨ ਕੀਤਾ। ਦੁਪਹਿਰ ਤਕ ਸਿਖਾਂ ਕਈ ਦਰਵਾਜ਼ੇ ਤੋੜ ਲਏ ਤੇ ਫਿਰ ਛੇਤੀ ਹੀ ਕਿਲ੍ਹਾ ਸਰ ਹੋ ਗਿਆ ਤੇ ਸਿਖ ਸ਼ਹਿਰ ਵਿਚ ਵੜ ਗਏ। ਫਿਰ ਖ਼ਾਨਦਾਨਾਂ ਦੇ ਖ਼ਾਨਦਾਨ ਮਿਟ ਗਏ। ਸ਼ਹਿਰ ਦੀ ਉਹ ਬਰਬਾਦੀ ਹੋਈ ਕਿ ਰਹੇ ਰੱਬ ਦਾ ਨਾਂ। ਸ਼ਹਿਰ ਤੇ ਕਿਆਮਤ ਛਾ ਗਈ। ਸਰਕਾਰੀ ਖ਼ਜ਼ਾਨਾ ਤੇ ਹੋਰ ਕੀਮਤੀ ਮਾਲ ਅਸਬਾਬ, ਜੋ ਦੋ ਕਰੋੜ ਰੁਪਏ ਦੀ ਮਾਲੀਅਤ ਦਾ ਸੀ, ਬੰਦਾ ਸਿੰਘ ਦੇ ਹੱਥ ਆਇਆ ਤੇ ਇਹ ਲੋਹਗੜ੍ਹ ਵਿਖੇ, ਜਿਸ ਨੂੰ ਬੰਦਾ ਸਿੰਘ ਨੇ ਆਪਣੀ ਰਾਜਧਾਨੀ ਬਣਾਇਆ ਸੀ, ਪਹੁੰਚਾ ਦਿਤਾ। ਬਹੁਤ ਸਾਰੇ ਉੱਚ ਪਧਰ ਦੇ ਮੁਸਲਮਾਨਾਂ ਨੇ ਸਿਖ ਧਰਮ ਕਬੂਲ ਕਰਕੇ ਜਾਨਾਂ ਬਚਾਈਆਂ। ਜਲਾਲ ਖ਼ਾਨ ਰੁਹੀਲੇ ਦਾ ਪੁੱਤ ਦੀਨਦਾਰ ਖ਼ਾਨ ਅੰਮ੍ਰਿਤ ਛਕ ਕੇ ਦੀਨਦਾਰ ਸਿੰਘ ਬਣ ਗਿਆ। ਇਸੇ ਤਰ੍ਹਾਂ ਸਰਹੰਦ ਦਾ ਦਰਬਾਰੀ ਰੋਜ਼ਨਾਮਚਾ-ਨਵੀਸ ਮੀਰ ਨਸੀਰ ਖ਼ਾਂ, ਮੀਰ ਨਸ਼ੀਰ ਸਿੰਘ ਹੋ ਗਿਆ।[3]

[ਚਲਦਾ]

## ਫੁਟਨੋਟ ਤੇ ਹਵਾਲੇ

੧. ਕਸਾਸ : ਅਰਬ ਦੇ ਲੋਕਾਂ ਵਿਚ ਕਾਤਲ ਨੂੰ ਕਤਲ ਹੋਣ ਵਾਲੇ ਦੇ ਵਾਰਸਾਂ ਸਪੁਰਦ ਕੀਤਾ ਜਾਂਦਾ ਸੀ। ਵਾਰਸ ਚਾਹੁਣ ਤੇ ਉਸ ਨੂੰ ਕਤਲ ਕਰ ਦੇਣ ਜਾਂ ਖ਼ੂਨ ਬਹਾ (ਖ਼ੂਨ ਦੀ ਕੀਮਤ) ਲੈ ਲੈਣ, ਜੋ ਸੈਂਕੜੇ ਜਾਂ ਜਿੰਨੇ ਮਿਥੇ ਜਾਣ ਓਨੇ ਸੈਂਕੜਿਆਂ ਦੀ ਗਿਣਤੀ ਵਿਚ ਉਠ ਦੇਵੇ, ਜਾਂ ਆਪਣੀ ਭੈਣ, ਧੀ ਜਾਂ ਆਪਣੇ ਖ਼ਾਨਦਾਨ ਦੀ ਕਿਸੇ ਕੰਵਾਰੀ ਲੜਕੀ ਦਾ ਸਾਕ ਦੇਵੇ ਤਾਂ ਕਾਤਲ ਜ਼ਿੰਦਾ ਬਚ ਸਕਦਾ ਸੀ। ਅਸਲਾਮ ਦਾ ਅਰੰਭ ਹੋਣ ਤੇ ਇਹ ਕਾਨੂੰਨ ਚਾਲੂ ਰਿਹਾ, ਫਿਰ ਇਹ ਸ਼ਰੀਅਤ ਦਾ ਹੀ ਹਿੱਸਾ ਬਣ ਗਿਆ। ਅਜ ਵੀ ਅਰਬਾਂ ਵਿਚ ਇਹ ਕਾਨੂੰਨ ਜਾਰੀ ਹੈ। ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਸਾਸ ਦੇਣ ਦੀ ਪੇਸ਼ਕਸ਼ ਕੀਤੀ ਸੀ ਤੇ ਵਧੀਕੀਆਂ ਕਰਨ ਵਾਲੇ ਅਫ਼ਸਰ ਤੇ ਰਾਜੇ ਉਹਨਾਂ ਦੇ ਹਵਾਲੇ ਕਰਨ ਦਾ ਸ਼ਰਈ ਵਾਅਦਾ ਕੀਤਾ ਸੀ। ਸਹਾਇਤਾ ਲੈ ਕੇ ਰਾਜ ਪ੍ਰਾਪਤ ਕਰ ਲੈਣ ਪਿਛੋਂ, ਆਨਾ ਕਾਨੀ ਕਰ ਕੇ ਮੁਕਰ ਗਿਆ। ਸੂਬਾ ਸਰਹੰਦ ਨੇ ਇਸ ਕਸਾਸ ਤੋਂ ਡਰਦਿਆਂ ਹੀ ਗੁਰੂ ਜੀ ਨੂੰ ਸਾਜ਼ਸ਼ ਰਚ ਕੇ ਪੈਂਦੇ ਖ਼ਾਨ ਦੇ ਪੁਤਰਾਂ ਤੋਂ ਸ਼ਹੀਦ ਕਰਵਾ ਦਿਤਾ ਸੀ। ਕਸਾਸ ਦੀ ਫ਼ਹਿਰਿਸਤ ਵਿਚ ਕਾਜ਼ੀ ਅਬੁਲ ਵਹਾਬ, ਜਲਾਲ ਦੀਨ, ਵਜ਼ੀਦ ਖਾਨ, ਸ਼ਾਸ਼ਲ ਬੇਗ ਬਾਸ਼ਲ ਬੇਗ ਦੋਵੇਂ ਭਰਾ



www.AKJ.Org

ਇਤਿਹਾਸਕ ਕਵਿਤਾ–

# ਸ਼ਹੀਦੀ ਭਾਈ ਤਾਰੂ ਸਿੰਘ ਜੀ

[ਸ: ਅਤਰ ਸਿੰਘ 'ਨੀਰ', ੬੨-ਸੈਨਕ ਵਿਹਾਰ, ਦਿੱਲੀ-੩੪]

ਪਰਜਾ ਜ਼ੁਲਮ ਦੀ ਚਕੀ ਅੰਦਰ ਦਾਣਿਆਂ ਵਾਂਗੂ ਪਿਸੇ। ਨ ਕੋਈ ਦਾਦ ਫ਼ਰਯਾਦ ਸਹਾਰਾ ਮਜ਼ਲੂਮਾਂ ਨੂੰ ਦਿਸੇ।
ਪਸ਼ੂਪਣ ਨੇ ਹੀਣਿਆਂ ਦੀਆਂ ਕਢ ਦਿਤੀਆਂ ਸਨ ਚੀਕਾਂ। ਜ਼ੋਰ ਜਬਰ ਦੀਆਂ ਹਰ ਮੂੰਹ ਉਤੇ ਲਗੀਆਂ ਦਿਸਣ ਲੀਕਾਂ।
ਜ਼ਕਰੀਆ ਖ਼ਾਨ ਨੇ ਹਰ ਤਰਫ਼ ਹੀ ਅੰਨ੍ਹੀ ਸੀ ਮਚਾਈ। ਤ੍ਰਾਹ ਤ੍ਰਾਹ, ਉਭੇ ਸਾਹੀਂ ਡੁਸਕੇ ਦਬੀ ਹੋਈ ਲੁਕਾਈ।
ਇਸ ਜ਼ੁਲਮ ਦੇ ਸਦਾ ਉਲਟ ਸਨ, ਸਿਖ ਅਵਾਜ਼ ਉਠਾਂਦੇ। ਜ਼ਕਰੀਆ ਖ਼ਾਨ ਨੂੰ ਇਸੇ ਲਈ ਇਕ ਅੱਖ ਵੀ ਨ ਭਾਂਦੇ।
ਕਰ ਰਖੇ ਐਲਾਨ ਸੀ ਉਸਨੇ ਥਾਉਂ ਥਾਈਂ ਉਚੇਰੇ। ਜਿਥੇ ਵੀ ਸਿਖ ਨਜ਼ਰੀ ਆਵੇ, ਪਾ ਲਓ ਫ਼ੌਰਨ ਘੇਰੇ।
ਜਾਣ ਨ ਦੇਵੋ ਜੀਂਦਾ ਬਚ ਕੇ, ਕੀ ਵਡਾ ਕੀ ਛੋਟਾ। ਨਿੱਕਾ ਸੱਪ ਹਮੇਸ਼ਾ ਹੁੰਦਾ ਜ਼ਹਿਰੀ ਅਤੇ ਖੋਟਾ।
ਹਰ ਇਕ ਸਿਖ ਦੇ ਸਿਰ ਦੇ ਪਿਛੇ ਕੀਮਤ ਮਿਲੇਗੀ ਭਾਰੀ। ਇਸ ਲਈ ਫੇਰੀ ਜਾਉ ਤੁਸੀਂ ਹਰ ਮੁਢ ਉਤੇ ਆਰੀ।
ਰਹਿਣ ਨ ਦੇਵੋ ਕੋਈ ਨਿਸ਼ਾਨੀ, ਨ ਕੋਈ ਥਾਂ ਟਿਕਾਣਾ। ਜਿਥੇ ਦਿਸੇ ਕੇਸਾਂ ਵਾਲਾ, ਭੰਨੋ ਜਿਉਂ ਹਦਵਾਣਾ।
ਮੁਲ ਪਿਆ ਜਦ ਸਿਖ ਦੇ ਸਿਰ ਦਾ, ਸਾਰੇ ਉਥੋਂ ਨਸੇ। ਛੋੜ ਛਾੜ ਸਭ ਘਰ ਟਿਕਾਣੇ, ਜੰਗਲਾਂ ਵਿਚ ਜਾ ਵਸੇ।
ਘਾਹ ਪਤਿਆਂ ਤੇ ਕਰਨ ਗੁਜ਼ਾਰਾ,ਪਰ ਕੁਝ ਸਿਦਕੀ ਪਿਆਰੇ। ਜੰਗਲਾਂ ਵਿਚ ਜਾ ਲੰਗਰ ਦੇਵਣ ਝਲ ਕੇ ਦੁਖੜੇ ਭਾਰੇ।
ਅੰਮ੍ਰਿਤਸਰ ਦੇ ਪੂਹਲੇ ਦਾ ਤਾਰੂ ਸਿੰਘ ਸੀ ਸੂਰਾ। ਕਥਨੀ ਤੇ ਕਰਣੀ ਦਾ ਸੁਚਾ, ਰਹਿਤ ਬਹਿਤ ਵਿਚ ਪੂਰਾ।
ਉਠਦੇ ਬਹਿੰਦੇ ਹਰ ਵੇਲੇ ਉਹ ਗਾਵੈ ਅਤੇ ਉਚਾਰੈ: "ਤੂ ਮੇਰੇ ਪ੍ਰਾਨ ਅਧਾਰੈ, ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ* ।"
ਲਗਨ ਸੇਵਾ ਦੀ ਮਨ ਦੇ ਅੰਦਰ, ਮੌਕਾ ਤਾੜ ਕੇ ਜਾਵੇ। ਭੁਖੇ ਵੀਰ ਤ੍ਰਿਹਾਇਆਂ ਤਾਈਂ ਲੰਗਰ ਜਾ ਛਕਾਵੇ।
ਆ ਗਿਆ ਸ਼ਿਕੰਜੇ ਇਕ ਦਿਨ, ਗਲ ਵਿਚ ਪੈ ਗਈ ਫਾਹੀ। ਲਾਲਚ ਦੇ ਕੇ ਵਡੇ, ਹਕੂਮਤ, ਸਿੱਖੀ ਖੋਹਣੀ ਚਾਹੀ।
ਆ ਜਾ ਦੀਨ ਦੇ ਅੰਦਰ ਸਜਣਾ, ਮੌਜਾਂ ਉਮਰਾਂ ਸਾਰੀ। ਹਰ ਵੇਲੇ ਹਰ ਪਾਸਿਓਂ ਹੋਸਣ ਨਿਤ ਸਲਾਮਾਂ ਭਾਰੀ।
ਰਾਜ, ਹਕੂਮਤ, ਔਹਦੇ ਕੁਰਸੀ, ਦੌਲਤ ਮਾਲ ਜਗੀਰਾਂ। ਮਹਿਲ ਮਾੜੀਆਂ ਠਾਠ ਸ਼ਹਾਨਾ ਵਾਂਗ ਅਮੀਰ ਵਜ਼ੀਰਾਂ।
ਪਰ ਨ ਥਿੜਕਿਆ ਸਿਖ ਗੁਰੂ ਦਾ ਜ਼ਰਾ ਵੀ ਕਿਸੇ ਰਾਹੀਂ।ਲਾਲਚ ਪਾਈਆਂ ਕੂਲੀਆਂ ਕੂਲੀਆਂ ਨਰਮ ਅਨੇਕਾਂ ਫਾਹੀਂ।
ਸਦਾ ਹੀ ਰੰਗ ਇਲਾਹੀ ਅੰਦਰ ਨਾਲ ਸਿਦਕ ਦੇ ਗਾਵੇ: "ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨ ਜਾਵੇ"।
ਮਸਲਤ ਕਰ ਕੇ ਜ਼ਕਰੀਏ ਆਖ਼ਰ ਸਖ਼ਤ ਸਜ਼ਾ ਸੁਣਾਈ। ਸਿਰ ਏਸਦੇ ਤੋਂ ਕੇਸ ਲਹਾ ਕੇ ਰੋਲੋ ਅੰਦਰ ਛਾਈ।
ਸੁਣ ਕੇ ਤਾਰੂ ਸਿੰਘ ਜੀ ਗਜਿਆ,ਇਹ ਕਦੇ ਨਹੀਂ ਹੋਣਾ। ਕੇਸ ਮੋਹਰ ਗੁਰ ਕਲਗੀਧਰ ਦੀ,ਨਹੀਂ ਕੋਈ ਮੁੰਜੀ ਝੋਨਾ।
ਇਹ ਗੁਰੂ ਦੀ ਬਖ਼ਸ਼ਸ਼ ਹੈਗੀ ਸਿਖ ਦੇ ਉਤੇ ਭਾਰੀ। ਏਸੇ ਨਾਲ ਹੈ ਸ਼ੋਭਾ ਸਿਖ ਦੀ, ਏਸੇ ਨਾਲ ਸਰਦਾਰੀ।
ਏਸੇ ਨਾਲ ਪਹਿਚਾਨ ਹੈ ਸਿਖ ਦੀ ਇਸ ਦੁਨੀਆ ਦੇ ਉਤੇ। ਨਹੀਂ ਤੇ ਰੁਲਦੇ ਹਨਗੇ ਏਥੇ ਕਈ ਰੁਖ ਕੁਰੇਤੇ।
ਸਿੱਖੀ ਨਹੀਂ ਕੋਈ ਖੇਲ ਤਮਾਸ਼ਾ, ਸਿੱਖੀ ਮਿਲਦੀ ਮਰ ਕੇ। ਸਰੂਪ ਵਿਲੱਖਣ ਸਿੱਖੀ ਦਾ ਹੈ ਇਹਨਾਂ ਕੇਸਾਂ ਕਰ ਕੇ।
ਜਾਨ ਤੋਂ ਵੱਧ ਪਿਆਰੇ ਹਨਗੇ ਕੇਸ ਮੇਰੇ ਓਏ ਖ਼ਾਨਾ। ਕਲਗੀ ਵਾਲੇ ਸਤਿਗੁਰ ਦੀਆਂ ਇਹ ਹਨ ਪਾਕ ਅਮਾਨਾਂ।
ਕੇਸਾਂ ਦੀ ਬੇਅਦਬੀ ਖਾਨਾ, ਕਦੇ ਨ ਮੈਂ ਸਹਾਰਾਂ ਏਸ ਪਵਿਤਰ ਬਖਸ਼ਸ਼ ਉਤੋਂ ਦੇਵੇਂ ਆਲਮ ਵਾਰਾਂ।

*ਬਿਲਾਵਲੁ ਮ: ੫, ਪੰਨਾ ੮੨੦

ਸੁਚਾ ਨੰਦ,ਭੀਮ ਚੰਦ ਬਿਲਾਸਪੁਰੀਏ ਵਰਗੇ ਪਹਾੜੀ ਰਾਜੇ ਵੀ ਸ਼ਾਮਲ ਸਨ। ੪੨ ਜ਼ਾਲਮਾਂ ਦੀ ਇਹ ਲਿਸਟ ਸੀ।

੨, ਚਪੜ ਚਿੜੀ ਦੀ ਲੜਾਈ ੧੨ ਮਈ ੧੭੧੦ ਈ: ਨੂੰ ਹੋਈ ਸੀ, ਅਖ਼ਬਾਰਾਤ-ਏ-ਦਰਬਾਰੇ ਮੁਅੱਲਾ ਵਿਚ ਮਿਤੀ ੧੩ ਮਈ ੧੭੧੦ ਈ: ਦੀ ਤਰੀਕ ਪਾ ਕੇ ਇਸ ਹੋਈ ਲੜਾਈ ਦਾ ਹਾਲ ਲਿਖਿਆ ਹੈ। ੧੩-੫-੧੭੧੦ ਨੂੰ ਸਰਹੰਦ ਵਿਖੇ ਲੜਾਈ ਹੋਈ ਸੀ।

੩. ਯਾਰ ਮੁਹੰਮਦ ਦੀ ਫ਼ਾਰਸੀ ਵਿਚ ਲਿਖੀ ਦਸਤੂਰੁਲਇੰਸ਼ਾ–(ਹੱਥ-ਲਿਖਤ) ਸਫ਼ਾ ੩੭ ਜਿਸ ਦਾ ਹਵਾਲਾ ਸ: ਕਰਮ ਸਿੰਘ ਹਿਸਟੋਰੀਅਨ ਨੇ ਦਿਤਾ ਹੈ।



www.AKJ.Org

ਇਹ ਸੁਣ ਕੇ ਜੱਲਾਦ ਨੇ ਰੰਬੀ ਹੱਥਾਂ ਵਿਚ ਉਠਾਈ। ਕਰ ਕੇ ਤੇਜ਼ ਤ੍ਰਿਖੀ ਉਸ ਨੇ ਸਿੰਘ ਦੇ ਵਲ ਵਧਾਈ।
ਸਿੰਘ ਗੁਰੂ ਦਾ ਬੋਲੇ ਪਿਆ ਧੰਨ ਗੁਰ ਕਲਗੀਆਂ ਵਾਲਾ। ਆਪ ਹੀ ਆਪਣੇ ਸਿਖ ਦਾ ਹੁੰਦਾ ਹਰ ਵੇਲੇ ਰਖਵਾਲਾ।
ਸਿਖ ਗੁਰੂ ਦਾ ਹਰ ਸਮੇਂ ਤੇ ਇਹੀ ਅਰਜ਼ ਗੁਜ਼ਾਰੇ। ਸ਼ਹੁ ਸਾਗਰ ਵਿਚ ਡੁਬਦੇ ਤਾਈਂ ਹਰ ਦਮ ਤੇਰੇ ਸਹਾਰੇ।
"ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ। ਰਾਖਹੁ ਰਾਖਨਹਾਰ ਦਿਆਲਾ ਨਾਨਕ ਘਰ ਕੇ ਗੋਲੇ"†।
ਹਰ ਭੀੜਾ ਹਰ ਮੁਸ਼ਕਲ ਅੰਦਰ ਤੂੰ ਹੀ ਬਣਦਾ ਸਾਥੀ।ਸਿਖ ਦੀ ਲਾਜ ਬਚਾਵਣ ਦੇ ਲਈ ਵੇਸਵਾ ਦੇ ਘਰ ਰਾਖੀ।
ਤੂੰ ਸਿੱਖੀ ਦੀ ਖ਼ਾਤਰ ਆਪਣੇ ਘਰ ਪਰਵਾਰ ਸਭ ਵਾਰੇ। ਕੰਧਾਂ ਵਿਚ ਚਿਣਵਾਏ ਜ਼ਿੰਦਾ, ਤੂ ਫ਼ਰਜ਼ੰਦ ਪਿਆਰੇ।
ਮਾਤ ਪਿਤਾ ਦਾ ਖ਼ੂਨ ਪਵਿਤਰ ਜਿਸ ਸਿੱਖੀ ਲਈ ਚੋਇਆ। ਖਿਦਰਾਣੇ ਦੀ ਢਾਬ ਤੇ ਦਾਤਾ ਬੀਜ ਜਿਹੜਾ ਤੂੰ ਬੋਇਆ।
ਉਸ ਸਿੱਖੀ ਨੂੰ ਅਜ ਫਿਰ ਦਾਤਾ ਪਰਖਣਾ ਏ ਸੱਯਾਦਾਂ। ਉਸ ਸਿੱਖੀ ਨੂੰ ਢਾਹੁਣ ਦੇ ਲਈ ਕਰਨੇ ਜਤਨ ਜੱਲਾਦਾਂ।
ਨੰਨੇ ਨੰਨੇ ਬਾਲ ਸਿੱਖੀ ਦੇ ਜਿਸ ਨੇਜ਼ਿਆਂ ਤੇ ਟੰਗੇ। ਮਾਵਾਂ ਦੀਆਂ ਅਖੀਆਂ ਸਾਹਵੇਂ, ਲਾਲ ਲਹੂ ਵਿਚ ਰੰਗੇ।
ਪੋਟਾ ਪੋਟਾ ਕਟਵਾ ਕ ਵੀ ਸੇਵਕ ਜਿਦੇ ਨ ਬੋਲੇ। ਆਰਿਆਂ ਨੇ ਵੀ ਸੀਸ ਜਿਨ੍ਹਾਂ ਦੇ ਦੰਦਿਆਂ ਉਤੇ ਤੋਲੇ।
ਜਿਸਨੂੰ ਜ਼ੁਲਮ ਸਿਤਮ ਦੇ ਲਖਾਂ ਝਖੜ ਝਾੜ ਨ ਸਕੇ। ਬਲਦੀਆਂ ਭੱਠਾਂ, ਫਾਂਸੀ ਰਸੇ, ਕੁਝ ਵਿਗਾੜ ਨ ਸਕੇ।
ਜਿਸਦਾ ਰਾਖਾ ਆਪ ਸਦਾ ਹੈ ਕੁਲ ਸਰਬੰਸ ਦਾ ਦਾਨੀ। ਕਿਉਂ ਨ ਸਾਖ ਉਚੇਰੀ ਹੋਸੀ ਉਸਦੀ ਦੋਹੀਂ ਜਹਾਨੀਂ।
ਰੰਬੀ ਫੜ ਜੱਲਾਦ ਖੋਪਰ ਤੇ ਕੱਸ ਕੱਸ ਕੇ ਇਉਂ ਮਾਰੇ, ਜਿਵੇਂ ਘਾਹੀਆ ਦੱਭ ਘਾਹ ਨੂੰ ਜ਼ਿਮੀ ਚੋਂ ਉਖਾੜੇ।
ਪੱਥਰ ਦਿਲ, ਕਸਾਈ ਹਿਰਦੇ, ਪੂਰੀ ਵਾਹ ਲਗਾਈ। ਪਰ ਸਾਦਕ ਦੇ ਸਿਦਕ ਦੇ ਉਤੇ ਜ਼ਰਾ ਚੋਟ ਨ ਆਈ।
ਜ਼ੁਲਮ ਕਰੀਚਦਾ ਦੰਦੀਆਂ ਡਿਗਾ, ਵੱਸ ਨ ਕੋਈ ਚਲੇ। ਅੰਤ ਹਾਰ ਕੇ ਬੋਲ ਪਿਆ ਭਈ ਬਲੇ ਸਿੱਖੀ ਬਲੇ।
ਬਲੇ ਤੇਰਾ ਬਲ ਹੌਸਲਾ ਪਰ ਗੱਲ ਇਹੋ ਹੀ ਸੱਚ ਦੀ। ਬਿਨਾਂ ਦੀਨ ਦੇ ਤਾਰੂ ਸਿੰਘਾ ਜਾਨ ਤੇਰੀ ਨਹੀਂ ਬਚਦੀ।
ਇਹ ਕਹਿ ਕੇ ਠੋਕਰ ਮਾਰੀ ਖੋਪਰੀ ਉਤੇ ਭਾਰੀ। ਲਾਹ ਕੇ ਰਖ ਦਿਤੀ ਇਕ ਪਾਸੇ ਜਿਉਂਕਰ ਪਟ ਪਟਾਰੀ।
ਵਿਚ ਰਸੀਲੀ ਗੂੰਜ ਦੇ ਉਠਿਆ ਮਿੱਠਾ ਇਹ ਜੈਕਾਰਾ: ਸਿਖ ਧਰਮ ਦਾ ਜਗਤ ਦੇ ਅੰਦਰ ਹੋਣਾ ਹੋਰ ਉਜਿਆਰ।
ਜੈਜੈਕਾਰ ਦਾ ਪ੍ਰਚਮ ਉਚਾ ਅਰਸ਼ਾਂ 'ਚ ਲਹਿਰਾਇਆ।ਕੁਲ ਬ੍ਰਮੰਡ ਨੇ ਸ਼ਰਧਾ ਅੰਦਰ ਨਿਉਂ ਨਿਉਂ ਅਦਬ ਬਜਾਇਆ।
ਪੁਸ਼ਪ-ਵਰਸ਼ਾ ਅਰਸ਼ਾਂ ਉਤੋਂ ਐਸੀ ਹੋਈ ਭਾਰੀ। ਮਸਤੀ ਅੰਦਰ ਝੂਮ ਝੂਮ ਕੇ ਗਾ ਉਠੇ ਨਰ ਨਾਰੀ।
ਕੁਰਬਾਨੀ ਦੇ ਬੂਟੇ ਦੀਆਂ ਸੰਘਣੀਆਂ ਸਦਾ ਹੀ ਛਾਵਾਂ। ਲਹੂ ਸ਼ਹੀਦਾਂ ਦਾ ਹੈ ਕਰਦਾ ਇਸਨੂੰ ਹੋਰ ਘਨਾਵਾਂ।
ਕੌਮ ਸਦਾ ਹੀ ਲੈਂਦੀ ਰਹਿੰਦੀ ਸਾਹਸ ਇਸ ਤੋਂ ਉੱਚਾ। ਬਲ ਹੌਸਲਾ ਸਿਦਕ ਸਬੂਰੀ ਦਾ ਰੰਗ ਗੂੜ੍ਹਾ ਸੁੱਚਾ।
ਲੋ ਹਮੇਸ਼ਾ ਧਰਮ-ਸਿਦਕ ਦੀ ਮਿੱਠੀ ਅਤੇ ਪਿਆਰੀ। ਕਾਇਮ ਦਾਇਮ ਰਹੀ, ਰਹੇਗੀ, ਅੰਦਰ ਦੁਨੀਆ ਸਾਰੀ।
ਕੇਸਾਂ ਸੁਆਸਾਂ ਨਾਲ ਨਿਭਾਈ ਸਿੱਖੀ ਜਿਨ ਵਰਯਾਮਾਂ। ਸ਼ਾਮ ਸਵੇਰੇ 'ਨੀਰ' ਉਨ੍ਹਾਂ ਨੂੰ ਹੋ ਰਹੀਆਂ ਪਰਨਾਮਾਂ।

†ਧਨਾਸਰੀ ਮ: ੫, ਪੰਨਾ ੬੭੪

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ‡ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੫੦ |
| ਅੰਮ੍ਰਿਤ ਕਲਾ | ੧-੫੦ | ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ |
| ਸੱਚੀਆਂ ਦਾੜ੍ਹੀਆਂ | ੦-੭੫ | ਸਿਖ ਕੌਣ ਹੈ | ੦-੭੫ |
| ਤਿਮਰ ਅਗਿਆਨ ਤੋਂ ਉਜਿਆਰਾ | ੦-੫੦ | ਉਮਰ ਕੈਦੀ ਦਾ ਸੁਪਨਾ | ੧-੨੦ |

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੇ ਅਨੁਸਾਰ ਸਹਾਇਤਾ ਪੁਜੀ ਹੈ :—

| | | | |
|---|---|---|---|
| ਸ: ਮਨਿੰਦਰ ਸਿੰਘ, ਲੁਧਿਆਣਾ | ੫੦੦੦-੦੦ | ਗੁਪਤ, ਸਲੋਅ ਯੂ.ਕੇ. | ੫੦੦੦-੦੦ |
| ਸ: ਸਰਬਜੀਤ ਸਿੰਘ, ਲੁਧਿਆਣਾ | ੫੦੦੦-੦੦ | ਭਾਈ ਓਅੰਕਾਰ ਸਿੰਘ, ਲਸਿਸਟਰ ਯੂ.ਕੇ. | ੨੫੫੦-੦੦ |
| ਸ: ਦਰਸ਼ਨ ਸਿੰਘ, ਮੁਲੀਆਂਵਾਲ | ੩੦-੦੦ | ਸਾਧ ਸੰਗਤ ਹਡਰਸ-ਫੀਲਡ ਯੂ.ਕੇ. | ੭੫੦-੦੦ |
| ਸ: ਚਰਨਜੀਤ ਸਿੰਘ ਪੱਡਾ, ਈਸਥਮ, ਲੰਡਨ | ੧੫੦੦-੦੦ | ਡਾਕਟਰ ਵੀ. ਕੇ. ਢੀਂਗਰਾ, ਅੰਮ੍ਰਿਤਸਰ | ੫੦੦-੦੦ |
| ਸ: ਬਹਾਦਰ ਸਿੰਘ, ਮੇਡਨਹੈਡ, ਯੂ.ਕੇ. | ੧੨੫-੦੦ | ਗੁਪਤ | ੧੦੦੦੫-੦੦ |
| ਬੀਬੀ ਅਮਰਜੀਤ ਕੌਰ ਨਿਝਰ, ਸਲੌਅ, ਯੂ.ਕੇ. | ੨੬੦੦-੦੦ | ਸੂਬੇਦਾਰ ਬਲਦੇਵ ਸਿੰਘ, ਮੱਲਪੁਰ | ੧੦੦-੦੦ |
| ਸ: ਮੋਹਨ ਸਿੰਘ ਹੱਠੀ, ਸਲੌਅ, ਯੂ.ਕੇ. | ੫੦੦-੦੦ | ਗੁਪਤ | ੧੫੦-੦੦ |
| ਸਾਧ ਸੰਗਤ ਸਾਊਥਾਲ ਯੂ.ਕੇ. (ਕੀਰਤਨ ਭੇਟ) | ੬੩੦-੦੦ | ਗੁਪਤ | ੪੦੦-੦੦ |
| ਸ: ਨਿਰੰਜਨ ਸਿੰਘ ਸੰਧੂ, ਰੈਡਿੰਗ ਯੂ.ਕੇ. | ੫੦੦-੦੦ | ਬੀਬੀ ਹਰਬੰਸ ਕੌਰ, ਫਤਹ ਨਗਰ, ਨਵੀਂ ਦਿਲੀ | ੨੪੧-੦੦ |
| ਸ: ਐਚ.ਐਸ.ਢਾਲੀਆ, ਰੈਡਿੰਗ ਯੂ.ਕੇ. (ਕੀਰਤਨ ਭੇਟ) | ੩੭੦੦-੦੦ | ਸਾਧ ਸੰਗਤ, ਕੋਪਨ ਹੈਗਨ, ਡੈਨਮਾਰਕ | ੩੭੪੬-੦੦ |
| ਭਾ:ਹਰੀਸਿੰਘ ਚੰਨ ਤੇ ਪ੍ਰਵਾਰ,ਰੈਡਿੰਗ(ਚੰਗੀ ਸਿਹਤ ਲਈ) | ੫੩੫-੦੦ | ਸ: ਪ੍ਰਦੁਮਨ ਸਿੰਘ, ਜਲੰਧਰ | ੧੦੦-੦੦ |
| ਗਿ: ਪ੍ਰੀਤਮ ਸਿੰਘ ਲੱਗੀ, ਸਲੌਅ (ਕੀਰਤਨ ਭੇਟ ਚੜ੍ਹਦੀ ਕਲਾ ਲਈ | ੯੦੦-੦੦ | ਸਾਧ ਸੰਗਤ ਇਲਾਕਾ ਨਡਾਲਾ | ੪੯੦-੦੦ |
| ਬੀਬੀ ਸਰਨਜੀਤ ਕੌਰ, ਰੈਡਿੰਗ ਯੂ.ਕੇ. | ੨੫੦-੦੦ | ਸ: ਜਗਦੀਸ਼ ਸਿੰਘ, ਰੇਲ ਕੋਚ ਫੈਕਟਰੀ, ਕਪੂਰਥਲਾ | ੫੦-੦੦ |
| ਸ: ਮੋਹਣ ਸਿੰਘ, ਹੱਮਲ, ਯੂ.ਕੇ. | ੨੫੦੦-੦੦ | ਗੁ:(ਸਿੱਖ ਟੈਂਪਲ)ਲੇਟਨ ਲੰਡਨ(ਅਨੰਦ ਕੀਰਤਨ ਭੇਟ) | ੯੦੦੦-੦੦ |
| ਸੰਗਤ ਗੁਰਦਵਾਰਾ ਨਾਨਕਸਰ, ਵਾਲਸਾਲ ਯੂ.ਕੇ. | ੯੦੦-੦੦ | ਸ:ਦਰਸ਼ਨ ਸਿੰਘ,ਡਰਬੀ ਯੂ.ਕੇ.(ਚੜ੍ਹਾਵਾ ਅਖੰਡਪਾਠ) | ੨੫੨੫-੦੦ |
| ਸ:ਅਵਤਾਰ ਸਿੰਘ ਸੰਧੂ, Cairns, ਆਸਟ੍ਰੇਲੀਆ | ੨੫੦੦-੦੦ | CPL. ਕੁਲਦੀਪ ਸਿੰਘ, ਜਲਾਹਲੀ ਵੈਸਟ | ੨੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ:ਮਹਿੰਦਰਕੌਰ ਪਤਨੀ ਸ:ਗਜਨ ਸਿੰਘ,ਅਜ਼ਾਦ ਨਗਰ,ਅੰਮ੍ਰਿਤਸਰ—ਪਤੀ ਪੁਲਸ ਤਸ਼ੱਦਦ ਕਾਰਨ ਨਕਾਰਾ,ਘਰੋਗੀ ਲੋੜਾਂ | ੧੦,੦੦੦-੦੦ |
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਭਾ: ਅਵਤਾਰ ਸਿੰਘ, ਅੰਮ੍ਰਿਤਸਰ—ਪੁੱਤਰ ਸ਼ਹੀਦ, ਕੋਈ ਕਮਾਊ ਮੈਂਬਰ ਨਹੀਂ | ੧੦,੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗੀ ਭਾਈ ਭਜਨ ਸਿੰਘ ਜੀ ਮਦਰਾਸੀ ਪਰਵਾਰ (ਮਾਸਕ) | ੫੦੦-੦੦ |
| ਫੌਜੀ ਅਤੇ ਸ਼ਹੀਦੀ ੩੯ ਪਰਵਾਰਾਂ ਨੂੰ ਬੈਂਕ ਰਾਹੀਂ ਮਾਸਕ ਸਹਾਇਤਾ | ੯੧੫੦-੦੦ |

## 'ਸੂਰਾ' ਮਾਸਕ ਪੱਤਰ ਨੂੰ ਪੱਜੀ ਸਹਾਇਤਾ

| | | | |
|---|---|---|---|
| ਸ: ਰਣਜੀਤ ਸਿੰਘ, ਹੱਪੋਵਾਲ | ੩੦-੦੦ | ਸ: ਅਮਰ ਸਿੰਘ ਬਦੇਸ਼ਾ ਕੈਨੇਡਾ | ੧੦੦-੦੦ |
| ਸ: ਗੁਰਚਰਨ ਸਿੰਘ ਲੁਧਿਆਣਾ (ਬੱਚੀ ਦੇ ਅਨੰਦ ਸਮੇਂ) | ੧੦੧-੦੦ | ਬੀਬੀ ਗੁਰਮੀਤ ਕੌਰ, ਉਧਮਪੁਰ | ੧੧-੦੦ |
| ਸ: ਕੇਹਰ ਸਿੰਘ, ਜਗਰਾਉਂ | ੧੦੦-੦੦ | ਭਾ:ਹਰਮਿੰਦਰ ਸਿੰਘ,ਹੁਸ਼ਿਆਰਪੁਰ(ਪਿਤਾ ਦੀ ਅੰਤਿਮ ਯਾਦ) | ੫੧-੦੦ |
| ਭਾਈ ਗੁਰਮੇਲ ਸਿੰਘ, ਪਲ ਸੁਧਾਰ | ੫੦੦-੦੦ | ਸ: ਮਨਜੀਤ ਸਿੰਘ, ਸੁਮਰਾਸਰ | ੨੫-੦੦ |
| ਡਾਕਟਰ ਜੀਤ ਸਿੰਘ, ਲੁਧਿਆਣਾ | ੨੧-੦੦ | ਸ:ਕਰਮਜੀਤ ਸਿੰਘ ਸAPO (ਬੀਬੀ ਜੀ ਦੀ ਅੰਤਮ ਅਰਦਾਸ) | ੧੧੦-੦੦ |
| ਸ: ਕਰਤਾਰ ਸਿੰਘ ਗਰੇਵਾਲ, ਲੁਧਿਆਣਾ | ੧੧-੦੦ | | |
| ਬੀਬੀ ਹਰਨਾਮ ਕੌਰ, ਜਬਲਪੁਰ | ੨੯੦-੦੦ | ਸ:ਮਨਮੋਹਨ ਸਿੰਘ ਮੋਹਾਲੀ (ਪਿਤਾ ਜੀ ਦੀ ਯਾਦ) | ੨੫੧-੦੦ |
| ਗੁਪਤ ਦਾਨ | ੩੭-੦੦ | ਸ: ਕਰਤਾਰ ਸਿੰਘ ਬੇਦੀ, ਮੇਰਠ | ੩੫-੦੦ |
| ਬੀ:ਗੋਬਿੰਦਕੌਰ,ਅੰਬਾਲਾ ਛਾ:(ਸਰਦਾਰ ਜੀ ਦੀ ਯਾਦ ਵਿਚ) | ੧੦੧-੦੦ | ਸ: ਬਲਵਿੰਦਰ ਸਿੰਘ, ਧਾਰੀਵਾਲ ਕਲਾਂ | ੧੦-੦੦ |
| ਸ: ਮਤਾਬ ਸਿੰਘ ਧਨਬਾਦ (ਭਣੇਜੀ ਦੇ ਅਨੰਦ ਸਮੇ ) | ੧੦੦-੦੦ | ਬੀਬੀ ਬਲਵਿੰਦਰ ਕੌਰ, ਨਵੀਂ ਦਿਲੀ | ੩੦੦-੦੦ |
| Col.ਜੀ.ਐਸ.ਬਰਾੜ, ਚੰਡੀਗੜ੍ਹ (ਚੜ੍ਹਾਵਾ ਸਮਾਗਮ) | ੧੫੧-੦੦ | ਸ: ਧਰਮਬੀਰ ਸਿੰਘ ਮਨਜੀਤ ਸਿੰਘ, ਦਿਲੀ | ੧੦੦-੦੦ |
| ਗੁਪਤ ਦਾਨ | ੨੧-੦੦ | ਪਰਵਾਰ ਵਲੋਂ ਭਾਈ ਅਵਤਾਰ ਸਿੰਘ ਗਾਹਿਤੀ ਮੰਡੀ ਦੀ ਅੰਤਮ ਯਾਦ | ੧੦੦-੦੦ |
| ਬੀਬੀ ਸੰਤ ਕੌਰ, ਲੁਧਿਆਣਾ | ੫੧-੦੦ | | |
| ਭਾਈ ਇੰਦਰਜੀਤ ਸਿੰਘ ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | ੯੧-੩੦ | ਭਾਈ ਸੁਰਿੰਦਰ ਸਿੰਘ, ਪਾਥਰਡੀਹ | ੫੦੦-੦੦ |
| ਸ: ਮਹਿੰਦਰ ਸਿੰਘ, ਆਕਲੈਂਡ | ੪੦-੦੦ | ਸ: ਰਣਜੀਤ ਸਿੰਘ ਧਨਬਾਦ | ੫੦-੦੦ |

www.AKJ.Org

## ਭਾਈ ਸਾਹਿਬ ਦੇ ਜਨਮ ਅਸਥਾਨ ਨਾਰੰਗਵਾਲ (ਲੁਧਿਆਣਾ) ਵਿਖੇ ਸਾਲਾਨਾ ਸਮਾਗਮ

੧੫ ਮਾਰਚ ਵੀਰਵਾਰ ਸਵੇਰ ਤੋਂ ੧੯ ਮਾਰਚ ੧੯੯੦ ਐਤਵਾਰ ਸਵੇਰ ਤਕ

ਪੰਥ ਰਤਨ, ਮਹਾਨ ਦੇਸ਼ ਭਗਤ, ਗੁਰਮਤਿ ਗੂੜ੍ਹ ਰਮਜ਼ਾਂ ਦੇ ਸੂਝਵਾਨ ਅਤੇ ਅਖੰਡ ਕੀਰਤਨ ਦੇ ਧਨੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਹੋ ਰਹੇ ਸ੍ਰੀ ਅਖੰਡਪਾਠ, ਅਖੰਡ ਕੀਰਤਨ ਅਤੇ ਰੈਣ ਸਬਾਈ ਪ੍ਰੋਗਰਾਮ : ੧੫ ਤੋਂ ੧੭ ਮਾਰਚ ਸ੍ਰੀ ਅਖੰਡ ਪਾਠ, ਸਵੇਰੇ ਸ਼ਾਮ ਦੋਵੇਂ ਵੇਲੇ ਕੀਰਤਨ ਅਤੇ ੧੭ ਮਾਰਚ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ, ੧੯ ਮਾਰਚ ਸਵੇਰੇ ਸਮਾਪਤੀ । ਅੰਮ੍ਰਿਤ ਸਿੰਚਾਰ ੧੭ ਸ਼ਾਮ ਨੂੰ । ਸਾਰਾ ਪ੍ਰੋਗਰਾਮ ਗੁਰਦੁਆਰਾ ਅਕਾਲੀ ਵਾਲਾ ਵਿਖੇ ।

ਪ੍ਰਾਰਥਕ—ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜਥਾ ਨਾਰੰਗਵਾਲ

---

## ਪਿੰਡ ਦਾਦੂਪੁਰ (ਅੰਮ੍ਰਿਤਸਰ) (ਮਜੀਠੇ ਤੋਂ ਇਕ ਕਿਲੋਮੀਟਰ ਅਗੇ) ਸ੍ਰੀ ਅਖੰਡਪਾਠ ਸਮਾਗਮ

ਬੀਬੀ ਗੁਰਚਰਨ ਕੌਰ ਦੇ ਗ੍ਰਿਹ ੨੫ ਮਾਰਚ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ, ਉਪਰੰਤ ਅਖੰਡ ਕੀਰਤਨ ਸਮੇਂ ਆਇ ਜੁੜੋ ਜੀ ।

## ਸ਼ਹੀਦ ਭਾਈ ਅਵਤਾਰ ਸਿੰਘ ਨਮਿਤ ਕੁਰਾਲਾ (ਹੁਸ਼ਿਆਰਪੁਰ) ਵਿਖੇ ਸਾਲਾਨਾ ਸਮਾਗਮ

੭ ਅਪ੍ਰੈਲ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ

## ਗੁਰਦੁਆਰਾ ਬਾ: ਗਾਂਧਾ ਸਿੰਘ ਜੀ ਬਰਨਾਲਾ ਵਿਖੇ ੩੧ ਮਾਰਚ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

## ਸ਼ਹੀਦ ਹਰਭਜਨ ਸਿੰਘ ਨਮਿਤ ਪਿੰਡ ਭੱਠੀਆਂ (ਕਾਨੂੰਵਾਨ ਨੇੜੇ)(ਗੁਰਦਾਸਪੁਰ) ਵਿਖੇ ਸਾਲਾਨਾ ਸਮਾਗਮ

੨੩ ਮਾਰਚ ਸਵੇਰੇ ੬ ਵਜੇ ਸ੍ਰੀ ਅਖੰਡਪਾਠ ਦੇ ਭੋਗ ਅਤੇ ਦੁਪਹਿਰ ੧੨ ਵਜੇ ਤਕ ਕੀਰਤਨ

## ਗੁਰਦਵਾਰਾ ਮਾਤਾ ਗੰਗਾ ਜੀ ਬਾਬਾ ਬਕਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

੩੧ ਮਾਰਚ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ

## ਪਿੰਡ ਮੱਲਾ ਡਾਕਖਾਨਾ ਡੋਡ (ਨੇੜੇ ਬਾਜਾਖਾਨਾ ਜ਼ਿਲਾ ਫਰੀਦਕੋਟ) ਵਿਖੇ ਦਿਵਸ ਸੁਹੇਲਾ ਕੀਰਤਨ

ਡਾਕਟਰ ਸੁਰਿੰਦਰ ਸਿੰਘ ਖਾਲਸਾ ਦੇ ਗ੍ਰਿਹ ਵਿਖੇ ੨੫ ਮਾਰਚ ਐਤਵਾਰ ਸਵੇਰੇ ੬ ਤੋਂ ਦੁਪਹਿਰ ਤਕ ਕੀਰਤਨ

## ਕੁਰਾਲੀ ਗੁਰਦਵਾਰਾ ਹਰਿਗੋਬਿੰਦ ਗੜ੍ਹ ਮੁਰਿੰਡਾ ਰੋਡ ਵਿਖੇ ਅਖੰਡ ਕੀਰਤਨ ਸਮਾਗਮ

੨੪ ਮਾਰਚ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ

## ਮਾਸਕ ਰੈਣਸਬਾਈ ੧੭ ਮਾਰਚ ਨੰਬਰਦਾਰ ਗੁਰਚਰਨ ਸਿੰਘ ਦੇ ਗ੍ਰਿਹ ਪਿੰਡ ਸਾਹਿਬਪੁਰ (ਲੁਧਿਆਣਾ)

## ਰੈਣ ਸਬਾਈ ਕੀਰਤਨ ੨੨ ਮਾਰਚ ਵੀਰਵਾਰ ਪਿੰਡ ਅਵਾਣ (ਲਾਗੇ ਰਮਦਾਸ) ਨਵੇਂ ਗੁ: ਸਾਹਿਬ ਵਿਖੇ

## ਪਿੰਡ ਰਾਪੁਰ (ਹੁਸ਼ਿਆਰਪੁਰ) ਭਾ: ਮਹਿੰਦਰ ਸਿੰਘ ਨਿਹੰਗ ਦੇ ਗ੍ਰਿਹ ਰੈਣ ਸਬਾਈ ੩੧ ਮਾਰਚ

ਸਵੇਰੇ ਭੋਗ ਅਖੰਡਪਾਠ ਤੇ ਕੀਰਤਨ; ਰਾਤ ਨੂੰ ਰੈਣ ਸਬਾਈ, ਰਾਪੁਰ ਜਲੰਧਰ ਰੋਡ ਤੇ ਟਾਂਡੇ ਤੋਂ ੪ ਕਿਲੋਮੀਟਰ ਹੈ ।

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਹੋ ਰਹੇ ਰੈਣ ਸਬਾਈ ਕੀਰਤਨ

(1) 10.3.90 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰਦਵਾਰਾ ਸਿਖ ਟੈਂਪਲ 31-ਰੂਟਲੈਂਡ ਰੋਡ, ਮੇਡਨ ਹੈਡ ਬ੍ਰਕਸ ਵਿਖੇ
ਫ਼ੋਨ ਗੁਰਦਵਾਰਾ 0628-23507, ਫ਼ੋਨ ਪ੍ਰੈਜ਼ੀਡੈਂਟ 0628-782094

(2) 24.3.90 ਸ਼ਨੀਵਾਰ ਰਾਤ ਰੈਣ ਸਬਾਈ ਗੁਰਦਵਾਰਾ ਰਾਮਗੜ੍ਹੀਆ ਸਭਾ, 1103-ਫ਼ੋਲਜ਼ ਹਿਲ, ਕੋਵੈਂਨਟਰੀ ਵਿਖੇ
ਫ਼ੋਨ ਗੁਰਦਵਾਰਾ 0203-663048, ਫੋਨ ਸ: ਸੰਤੋਖ ਸਿੰਘ 0203-683994/367201

## ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ :

Gurnam Singh, 10 Lambourne Gardens, Earley, Reading, Berks U K Phone 0734-67900

---

ਡਰਾਫ਼ਟ, ਮਨੀਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

## ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org